# ਸਨਮਤੀ ਸਰਕਾਰੀ ਸਾਇੰਸ ਅਤੇ ਖੋਜ ਕਾਲਜ

# Sanmati Government College of Science Education & Research

**JAGRAON (Ldh.) Pin Code 142026**

Affiliated to Panjab University, Chandigarh (NAAC ACCREDITED)

# PROSPECTUS








**SESSION: 2025-26**






Website :- www.gscjgn.org, Email :- gcsciencejagraon@gmail.com, Contact :- 01624-223242



# ਨਿਰਦੇਸ਼ਕ ਦਾ ਸੰਦੇਸ਼

ਪਿਆਰੇ ਵਿਦਿਆਰਥੀਓ,

ਸਨਮਤੀ ਸਰਕਾਰੀ ਸਾਇੰਸ ਅਤੇ ਖੋਜ ਕਾਲਜ ਜਗਰਾਉਂ, ਉੱਤਰੀ ਭਾਰਤ ਦੀ ਇੱਕ ਵਿਲੱਖਣ ਸੰਸਥਾ ਹੈ। ਨਿਰੋਲ ਸਾਇੰਸ ਦੇ ਵਿਸ਼ਿਆਂ ਨਾਲ ਸੰਬੰਧਿਤ ਇਸ ਸੰਸਥਾ ਵਿੱਚ ਦਾਖ਼ਲਾ ਲੈਣ ਤੇ ਮੈਂ ਤੁਹਾਨੂੰ ਵਧਾਈ ਦਿੰਦਾ ਹਾਂ। ਹਰ ਇਨਸਾਨ ਦਾ ਇੱਕ ਸੁਪਨਾ ਹੁੰਦਾ ਹੈ ਕਿ ਉਹ ਆਪਣੇ ਜੀਵਨ ਵਿੱਚ ਕਾਮਯਾਬ ਇਨਸਾਨ ਬਣੇ। ਸਿੱਖਿਆ ਦਾ ਉਦੇਸ਼ ਸਿਰਫ਼ ਇੱਕ ਵਿਦਿਆਰਥੀ ਨੂੰ ਨੌਕਰੀ ਦੇਣਾ ਜਾਂ ਰੋਜ਼ੀ ਰੋਟੀ ਤੱਕ ਸੀਮਤ ਕਰਨਾ ਨਹੀਂ ਹੁੰਦਾ ਬਲਕਿ ਇਸ ਦਾ ਉਦੇਸ਼ ਉਹਨਾਂ ਦੀ ਸਰਵਪੱਖੀ ਸ਼ਖਸ਼ੀਅਤ ਨੂੰ ਨਿਖਾਰਨਾ ਹੈ। ਸਾਡਾ ਉਦੇਸ਼ ਸਿਰਫ਼ ਡਿਗਰੀ ਪ੍ਰਦਾਨ ਕਰਨਾ ਨਹੀਂ ਸਗੋਂ ਵਿਦਿਆਰਥੀਆਂ ਨੂੰ ਸੋਚਣ, ਸਮਝਣ, ਆਤਮ ਵਿਸ਼ਵਾਸ ਅਤੇ ਆਤਮ -ਨਿਰਭਰਤਾ ਦੇ ਆਧਾਰ ਤੇ ਵਿਕਸਤ ਕਰਨਾ ਹੈ। ਅਸੀਂ ਆਪਣੇ ਵਿਦਿਆਰਥੀਆਂ ਨੂੰ ਨਾ ਸਿਰਫ ਅਕਾਦਮਿਕ ਖੇਤਰ ਵਿੱਚ ਵਧਣ ਫੁੱਲਣ ਦੇ ਯੋਗ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ, ਸਗੋਂ ਉਨ੍ਹਾਂ ਨੂੰ ਚਰਿੱਤਰ ਨਿਰਮਾਣ, ਸ਼ਖਸ਼ੀਅਤ ਵਿਕਾਸ ਵੱਲ ਵਧਣ ਲਈ ਪ੍ਰੇਰਿਤ ਕਰਦੇ ਹਾਂ ਅਤੇ ਅਸੀਂ ਆਸ ਕਰਦੇ ਹਾਂ ਕਿ ਸਾਡੇ ਵਿਦਿਆਰਥੀ ਅਕਾਦਮਿਕ ਪ੍ਰਦਰਸ਼ਨ, ਸਹਿ ਪਾਠਕ੍ਰਮ ਭਾਗੀਦਾਰੀ ਅਤੇ ਜ਼ਿੰਮੇਵਾਰ ਨਾਗਰਿਕਤਾ ਦੇ ਸੰਬੰਧ ਵਿੱਚ ਉੱਚ ਪੱਧਰ ਦੀ ਪਰੰਪਰਾ ਨੂੰ ਵੀ ਕਾਇਮ ਰੱਖਣਗੇ। ਇਸ ਕਾਲਜ ਨੇ ਬਹੁਤ ਹੀ ਉੱਚੇ ਦਰਜੇ ਦੀਆਂ ਸ਼ਖਸ਼ੀਅਤਾਂ ਨੂੰ ਪੈਦਾ ਕੀਤਾ ਹੈ। ਇਹ ਨਾਮਵਰ ਸ਼ਖਸੀਅਤਾਂ ਉੱਚੇ ਅਹੁਦਿਆਂ ਤੇ ਬਿਰਾਜਮਾਨ ਹੋ ਕੇ ਦੇਸ਼ ਅਤੇ ਵਿਦੇਸ਼ ਵਿੱਚ ਵੀ ਇਸ ਸੰਸਥਾ ਦੀ ਸ਼ੋਭਾ ਵਧਾ ਰਹੀਆਂ ਹਨ। ਅਸੀਂ ਆਸ ਕਰਦੇ ਹਾਂ ਤੁਸੀਂ ਵੀ ਇਸ ਸੰਸਥਾ ਨਾਲ ਜੁੜ ਕੇ ਅਨੁਸ਼ਾਸਨ ਦੀ ਪਾਲਣਾ ਕਰਦੇ ਹੋਏ, ਇਸ ਦੀ ਤਰੱਕੀ ਵਿੱਚ ਵਾਧਾ ਕਰਨ ਲਈ ਮਿਹਨਤ ਦਾ ਪੱਲਾ ਫੜ੍ਹਦੇ ਹੋਏ ਇਸ ਨੂੰ ਹੋਰ ਬੁਲੰਦੀਆਂ ਵੱਲ ਲਿਜਾਣ ਵਿੱਚ ਪੂਰਨ ਸਹਿਯੋਗ ਦੇਵੋਂਗੇ। ਇਸ ਸੰਸਥਾ ਦੇ ਡਾਇਰੈਕਟਰ ਹੋਣ ਦੇ ਨਾਤੇ ਮੈਂ ਵਿਦਿਆਰਥੀਆਂ ਅਤੇ ਉਨਾਂ ਦੇ ਮਾਪਿਆਂ ਦੀ ਪੂਰੀ ਭਾਗੀਦਾਰੀ ਤੇ ਸਹਿਯੋਗ ਦੀ ਉਮੀਦ ਕਰਦਾ ਹਾਂ ਤਾਂ ਜੋ ਉਹਨਾਂ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣਾ ਸੰਭਵ ਹੋ ਸਕੇ। ਜੇਕਰ ਕਿਸੇ ਵੀ ਕਿਸਮ ਦੀ ਸਹਾਇਤਾ ਦੀ ਲੋੜ ਪੈਂਦੀ ਹੈ, ਭਾਵੇਂ ਉਹ ਨਿੱਜੀ ਹੋਵੇ ਜਾਂ ਪੇਸ਼ੇਵਰ, ਮੈਂ ਹਮੇਸ਼ਾ ਤੁਹਾਡੇ ਲਈ ਹਾਜ਼ਰ ਹਾਂ। ਅਸੀਂ ਨਵੀਂ ਰਾਸ਼ਟਰੀ ਸਿੱਖਿਆ ਨੀਤੀ 2020 ਨੂੰ ਅਪਣਾਇਆ ਹੈ। ਇਸ ਨੀਤੀ ਅਧੀਨ ਵਿਦਿਆਰਥੀਆਂ ਦੀ ਵਿਅਕਤੀਗਤ, ਅਕਾਦਮਿਕ ਅਤੇ ਰੋਜ਼ਗਾਰਕ ਯੋਗਤਾ ਦੇ ਵਿਕਾਸ ਲਈ ਬਹੁਤ ਸਾਰੇ ਨਵੇਂ ਕੋਰਸ ਸ਼ੁਰੂ ਕੀਤੇ ਗਏ ਹਨ। ਇਹਨਾਂ ਵਿਸ਼ਿਆਂ ਦਾ ਮੁੱਖ ਉਦੇਸ਼ ਵਿਦਿਆਰਥੀ ਕੇਂਦਰਤ, ਲਚਕੀਲੀ ਅਤੇ ਬਹੁ-ਆਯਾਮੀ ਸਿੱਖਿਆ ਪ੍ਰਦਾਨ ਕਰਨਾ ਹੈ।

ਅੰਤ ਵਿੱਚ ਪਿਆਰੇ ਵਿਦਿਆਰਥੀਓ, ਮੈਂ ਅਰਦਾਸ ਕਰਦਾ ਹਾਂ ਅਤੇ ਮੇਰੀ ਹਮੇਸ਼ਾ ਇਹ ਦਿਲੀ ਤਮੰਨਾ ਰਹੇਗੀ ਕਿ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਕਰਨ ਉਪਰੰਤ ਵਿਦਿਆਰਥੀ ਹਰ ਪੱਖੋਂ ਕਾਬਿਲ ਹੋਣ ਤਾਂ ਕਿ ਭਵਿੱਖ ਦੀ ਦੁਨੀਆ ਦਾ ਸਾਹਮਣਾ ਕਰਦੇ ਹੋਏ ਨਵੀਆਂ ਮੱਲਾਂ ਮਾਰ ਸਕਣ।

ਸ਼ੁੱਭ ਇੱਛਾਵਾਂ ਸਹਿਤ।

ਕਾਲਜ ਡਾਇਰੈਕਟਰ

ਡਾ. ਰਾਜੀਵ ਕੁਮਾਰ ਸਹਿਗਲ

# ਤਤਕਰਾ


| ਨੰ. | ਵੇਰਵਾ | ਪੇਜ ਨੰਬਰ |
|---|---|---|
| 1. | ਸਨਮਤੀ ਸਰਕਾਰੀ ਸਾਇੰਸ ਅਤੇ ਖੋਜ ਕਾਲਜ, ਜਗਰਾਉਂ ਕਾਲਜ ਸਬੰਧੀ ਜਾਣਕਾਰੀ | 2 |
| 2. | VISION | 2 |
| 3. | MISSION | 2 |
| 4. | ਕਾਲਜ ਸਟਾਫ | 3 |
| 5. | ਨਾਨ ਟੀਚਿੰਗ ਸਟਾਫ | 3 |
| 6. | ਲੈਬਾਰਟਰੀ ਸਟਾਫ | 3 |
| 7. | ਦਰਜਾ ਚਾਰ ਕਰਮਚਾਰੀ | 3 |
| 8. | ਕਾਲਜ ਕਮੇਟੀਆਂ | 4 |
| 9. | ਫੀਸ ਸਬੰਧੀ ਜ਼ਰੂਰੀ ਸੂਚਨਾ | 4 |
| 10. | ਦਾਖ਼ਲੇ ਸਬੰਧੀ ਸੂਚਨਾ | 5 |
| 11. | ਦਾਖ਼ਲਾ ਮਿਤੀਆਂ | 6 |
| 12. | ਲੜਕੀਆਂ ਦੇ ਹੋਸਟਲ ਦੇ ਦਾਖ਼ਲੇ ਸਬੰਧੀ ਸੂਚਨਾ | 6 |
| 13. | ਹੋਸਟਲ ਦੇ ਦਾਖ਼ਲੇ ਸਬੰਧੀ ਜ਼ਰੂਰੀ ਸ਼ਰਤਾਂ / ਹਦਾਇਤਾਂ ਅਤੇ ਜ਼ਰੂਰੀ ਪ੍ਰਮਾਣ ਪੱਤਰ | 6-7 |
| 14. | ਹੋਸਟਲ ਮੈਸ ਦੇ ਬਿੱਲ ਅਦਾਇਗੀ ਬਾਰੇ | 7 |
| 15. | ਹੋਸਟਲ ਬਾਰੇ ਜ਼ਰੂਰੀ ਨਿਰਦੇਸ਼ | 7-9 |
| 16. | ਆਨ-ਲਾਈਨ ਦਾਖ਼ਲੇ ਲਈ ਜ਼ਰੂਰੀ ਹਦਾਇਤਾਂ | 9 |
| 17. | ਦਾਖ਼ਲੇ ਸਬੰਧੀ ਲੋੜੀਂਦੇ ਪ੍ਰਮਾਣ ਪੱਤਰ | 10 |
| 18. | ਕਲਾਸਾਂ ਵਿੱਚ ਦਾਖ਼ਲੇ ਲਈ ਉਪਲਬਧ ਸੀਟਾਂ | 10 |
| 19. | ਦਾਖ਼ਲੇ ਸਬੰਧੀ ਜ਼ਰੂਰੀ ਹਦਾਇਤਾਂ ਅਤੇ ਸ਼ਰਤਾਂ | 11 |
| 20. | ਦਾਖ਼ਲੇ ਲਈ ਜ਼ਰੂਰੀ ਨੋਟ | 11 |
| 21. | ਦਾਖ਼ਲਾ ਇੰਟਰਵਿਊ ਸਬੰਧੀ ਜ਼ਰੂਰੀ ਨਿਯਮ | 11-12 |
| 22. | ਫੀਸਾਂ / ਫੰਡਾਂ ਦਾ ਵੇਰਵਾ (ਪ੍ਰਤੀ) ਸਾਲ | 12 |
| 23. | ਸੀਟਾਂ ਦਾ ਰਾਖਵਾਂਕਰਣ | 13 |
| 24. | ਰਾਖਵੀਆਂ ਸੀਟਾਂ ਦੇ ਕਲੇਮ ਲਈ ਜ਼ਰੂਰੀ ਨਿਰਦੇਸ਼ | 13-14 |
| 25. | ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦਾ ਵੇਰਵਾ | 14-17 |
| 26. | ਅਨੁਸ਼ਾਸਨ ਸਬੰਧੀ ਵਿਸ਼ੇਸ਼ ਹਦਾਇਤਾਂ | 17 |
| 27. | ਵਿਦਿਆਰਥੀਆਂ ਲਈ ਜ਼ਰੂਰੀ ਨਿਰਦੇਸ਼ | 18 |
| 28. | ਮਾਤਾ - ਪਿਤਾ ਦੇ ਧਿਆਨ ਹਿੱਤ | 18 |
| 29. | ਵਿਦਿਆਰਥੀਆਂ ਲਈ ਜ਼ਰੂਰੀ ਨਿਯਮ | 19 |
| 30. | ਵਜ਼ੀਫੇ ਤੇ ਵਿੱਤੀ ਸਹਾਇਤਾ | 20-21 |
| 31. | ਵਿਦਿਆਰਥੀਆਂ ਲਈ ਉਪਲੱਬਧ ਸਹੂਲਤਾਂ | 22-23 |
| 32. | ਸਾਹਿਤਕ ਰੁਚੀਆਂ | 23 |
| 33. | ਵਿਦਿਆਰਥੀ ਸਹਾਇਤਾ ਸੇਵਾਵਾਂ ਅਤੇ ਕਲੱਬ | 23-24 |
| 34. | ਕਾਲਜ ਦੀਆਂ ਕਾਰਜਸ਼ੀਲ ਸਭਾਵਾਂ ਅਤੇ ਕਲੱਬ | 25 |
| 35. | ਸਮਾਜਿਕ ਇਕਾਈਆਂ | 25 |
| 36. | ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ | 26 |
| 37. | ਵਿੱਦਿਅਕ / ਅਕਾਦਮਿਕ ਖੇਤਰ | 26 |
| 38. | ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ | 26-27 |
| 39. | ਖੇਡ ਖੇਤਰ | 27 |
| 40. | ਇਨਾਮ ਅਤੇ ਸਨਮਾਨ | 28 |
| 41. | **FORM 'A'** | 28 |
| 42. | **FORM 'B'** | 29 |
| 43. | **FORM 'C'** | 29 |
| 44. | **XVI RAGGING IS STRICTLY PROHIBITED IN THE COLLEGE** | 29 |
| 45. | **ANNEXURE 'A'** | 30 |
| 46. | **ANNEXURE ‘B’** | 31 |
| 47. | **ANNEXURE ‘C’** | 32 |
| 48. | ਸਰਗਰਮੀਆਂ ਦੀ ਮਹੀਨਾਵਾਰ ਵਾਰਸ਼ਿਕ ਸਾਰਨੀ | 33 |

# ਸਨਮਤੀ ਸਰਕਾਰੀ ਸਾਇੰਸ ਅਤੇ ਖੋਜ ਕਾਲਜ, ਜਗਰਾਉਂ ਕਾਲਜ ਸਬੰਧੀ ਜਾਣਕਾਰੀ

ਸਨਮਤੀ ਸਰਕਾਰੀ ਸਾਇੰਸ ਅਤੇ ਖੋਜ ਕਾਲਜ, ਜਗਰਾਉਂ 1968 ਵਿੱਚ ਹੋਂਦ ਵਿੱਚ ਆਇਆ । ਇਸ ਦਾ ਉਦਘਾਟਨ 18 ਜੁਲਾਈ, 1968 ਨੂੰ ਭਾਰਤ ਦੇ ਉਸ ਸਮੇਂ ਦੇ ਗ੍ਰਹਿ ਮੰਤਰੀ ਸ੍ਰੀ ਵਾਈ.ਬੀ. ਚਵਾਨ ਨੇ ਕੀਤਾ । ਇਹ ਆਪਣੀ ਤਰ੍ਹਾਂ ਦਾ ਪੰਜਾਬ ਦਾ ਇੱਕੋ-ਇੱਕ ਸਰਕਾਰੀ ਕਾਲਜ ਹੈ, ਜਿੱਥੇ ਨਿਰੋਲ ਸਾਇੰਸ ਦੇ ਵਿਸ਼ਿਆਂ ਦੀ ਸਿੱਖਿਆ ਦਿੱਤੀ ਜਾਂਦੀ ਹੈ । ਪੰਜਾਬ ਸਰਕਾਰ ਨੇ ਇਹ ਸੰਸਥਾ ਹੋਣਹਾਰ ਵਿਦਿਆਰਥੀਆਂ, ਖਾਸ ਕਰਕੇ ਮਾਲਵਾ ਖੇਤਰ ਦੇ ਪੇਂਡੂ ਲੜਕੇ ਅਤੇ ਲੜਕੀਆਂ ਨੂੰ ਚੰਗੇਰੀ ਵਿਗਿਆਨਿਕ ਸਿੱਖਿਆ ਦੇਣ ਲਈ ਉਚੇਚੇ ਤੌਰ ਤੇ ਕਾਇਮ ਕੀਤੀ ਹੈ । ਇਸ ਸਮੇਂ ਕਾਲਜ ਵਿੱਚ ਬੀ.ਐਸ.ਸੀ. (ਮੈਡੀਕਲ ਅਤੇ ਨਾਨ ਮੈਡੀਕਲ) ਅਤੇ ਐਮ.ਐਸ.ਸੀ. (ਬਾਟਨੀ ਅਤੇ ਕਮਿਸਟਰੀ) ਦੀ ਪੜ੍ਹਾਈ ਲਈ ਹਰ ਤਰ੍ਹਾਂ ਦੀਆਂ ਆਧੁਨਿਕ ਸੁਵਿਧਾਵਾਂ ਉਪਲੱਬਧ ਹਨ ।

ਕਾਲਜ ਦੀ ਸਥਾਪਨਾ ਵਿੱਚ ਜੈਨ ਸਮਾਜ, ਵਿਸ਼ੇਸ਼ ਤੌਰ ਤੇ ਮਾਤਰੀ ਸੇਵਾ ਸੰਘ ਜਗਰਾਉਂ ਅਤੇ ਉਹਨਾਂ ਦੇ ਸਰਪ੍ਰਸਤ ਸਤਿਕਾਰ ਯੋਗ ਬਿਮਲ ਮੁਨੀ ਜੀ ਮਹਾਰਾਜ ਜੀ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ, ਜਿੰਨ੍ਹਾਂ ਦੀ ਅਗਵਾਈ ਹੇਠ ਲਗਭਗ 42 ਏਕੜ ਜਗ੍ਹਾ ਅਤੇ ਇਸ ਉਪਰ ਉਸਾਰੀ ਗਈ ਇਮਾਰਤ ਪੰਜਾਬ ਸਰਕਾਰ ਨੂੰ ਇਸ ਕਾਲਜ ਦੀ ਸਥਾਪਨਾ ਲਈ ਦਾਨ ਵਜੋਂ ਪ੍ਰਾਪਤ ਹੋਈ ।

ਕਾਲਜ, ਜਗਰਾਉਂ - ਰਾਏਕੋਟ ਮਾਰਗ ਉੱਪਰ ਸਥਿਤ ਹੈ ।ਇਹ ਬੱਸ ਅੱਡੇ ਤੋਂ 5 ਕਿ.ਮੀ. ਅਤੇ ਸਟੇਸ਼ਨ ਤੋਂ 4 ਕਿ.ਮੀ. ਦੀ ਦੂਰੀ ਤੇ ਹੈ ।ਕਾਲਜ ਕੁਦਰਤੀ ਅਤੇ ਖੁੱਲ੍ਹੇ ਵਾਤਾਵਰਣ ਵਿੱਚ ਸਥਿਤ ਹੈ ।ਕਾਲਜ ਦਾ ਬੋਟੈਨੀਕਲ ਗਾਰਡਨ ਤਿੰਨ ਏਕੜ ਤੋਂ ਵੱਧ ਖੇਤਰ ਵਿੱਚ ਫੈਲਿਆ ਹੈ। ਇਸ ਵਿੱਚ 300 ਤੋਂ ਵੱਧ ਪੌਦੇ (200 ਤੋਂ ਵੀ ਵੱਧ ਕਿਸਮਾਂ ਦੇ) Bentham & Hooker ਦੇ ਸਿਸਟਮ ਅਨੁਸਾਰ ਲਗਾਏ ਹੋਏ ਹਨ ।ਇਹ ਗਾਰਡਨ ਪੰਜਾਬ ਦੇ ਸਰਕਾਰੀ ਕਾਲਜਾਂ ਦੇ ਬਾਗਾਂ ਵਿੱਚ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ । ਕਾਲਜ ਦੀ ਖੂਬਸੂਰਤ ਦੋ ਮੰਜ਼ਲੀ ਇਮਾਰਤ ਹੈ ਜਿਸ ਦੇ 7 ਕਮਰੇ Smart Class Room ਵਿੱਚ ਤਬਦੀਲ ਕਰ ਦਿੱਤੇ ਗਏ ਹਨ । ਕਲਾਸਰੂਮ ਵਿੱਚ INTERACTIVE FLAT PANEL ਲਗਾ ਕੇ ਵਿਦਿਆਰਥੀਆਂ ਨੂੰ ਨਵੀਂ ਤਕਨੀਕ ਨਾਲ ਜੁੜਨ ਦਾ ਮੌਕਾ ਦਿੱਤਾ ਗਿਆ ਹੈ ।

ਕਾਲਜ ਦੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਗੁਰੂ ਨਾਨਕ ਹਰਬਲ ਗਾਰਡਨ ਅਤੇ ਮਾਈਕ੍ਰੋਫੋਰੈਸਟ ਬਣਾਏ ਗਏ ਹਨ। ਗੁਰੂ ਨਾਨਕ ਹਰਬਲ ਗਾਰਡਨ ਵਿਚ 29 ਕਿਸਮਾਂ ਦੇ ਪੌਦੇ ਲਗਾਏ ਗਏ ਹਨ ਅਤੇ ਮਾਈਕ੍ਰੋਫੋਰੈਸਟ ਵਿਚ ਵੱਖ-ਵੱਖ ਤਰ੍ਹਾਂ ਦੇ 11,000 ਬੂਟੇ ਲਗਾਏ ਹਨ। ਦਿ ਗ੍ਰੀਨ ਪੰਜਾਬ ਮਿਸ਼ਨ ਦੀ ਟੀਮ ਵੱਲੋਂ 4500 ਦੇ ਕਰੀਬ ਸ਼ਾਨਦਾਰ ਅਤੇ ਫਲਦਾਰ ਬੂਟੇ ਕਾਲਜ ਵਿਖੇ ਲਗਾਏ ਗਏ। ਇਹ ਰੁੱਖ ਤੰਦਰੁਸਤੀ ਵਾਲਾ ਜੀਵਨ ਜਿਉਣ ਲਈ ਸਮੁੱਚੇ ਜੀਵ ਜਗਤ ਲਈ ਸਹਾਇਕ ਹੁੰਦੇ ਹਨ। ਇਸ ਨਾਲ ਕਾਲਜ ਦੀ ਖੂਬਸੂਰਤੀ ਵਿਚ ਹੋਰ ਵਾਧਾ ਹੁੰਦਾ ਹੈ।

## VISION

- To impart high quality science education, to produce professionals of national and international repute, development of overall personality and inculcate the element of humanity, so as to make them outstanding global citizens.
- Preservation of culture and heritage of India by organising cultural / extra - curricular activities.
- To ensure equity in higher education by providing adequate opportunities to under-privileged sections of the society.

## MISSION

Do not limit your goals up to your abilities, rather raise your abilities up to your goals - is clearly indicative of mission of the college carved on our Logo "TRANSCEND" and we are fully committed to train our students to achieve their goals by

- Providing high quality education and to make them sincere, honest, responsible and progressive citizens.
- Developing a feeling of Social responsibility among the students by conducting various awareness programmes.
- Serving society by producing talented teachers, research scholars and good human beings through development of mind and knowledge.

# ਕਾਲਜ ਸਟਾਫ਼

**ਡਾ. ਰਾਜੀਵ ਕੁਮਾਰ ਸਹਿਗਲ (ਡਾਇਰੈਕਟਰ)**

## ਕੈਮਿਸਟਰੀ ਵਿਭਾਗ

1. ਮਿਸ ਭੁਪਿੰਦਰ ਕੌਰ*** M.Sc., B.Ed, CSIR-UGC NET , GATE
2. ਸ਼੍ਰੀ ਸਾਹਿਲ ਜਿੰਦਲ*** M.Sc., B.Ed., CSIR-UGC NET, GATE
3. ਸ਼੍ਰੀਮਤੀ ਨੇਹਾ*** M.Sc., B.Ed., CSIR-UGC NET
4. ਸ਼੍ਰੀਮਤੀ ਜਸਕਿਰਨ ਕੌਰ*** M.Sc., B.Ed., CSIR-UGC NET
5. ਸ਼੍ਰੀਮਤੀ ਸ਼ੀਨੂ*** M.Sc., B.Ed., CSIR UGC NET
6. ਮਿਸ ਅਮਨਦੀਪ ਕੌਰ*** M.Sc., CSIR-UGC NET
7. ਡਾ. ਗੀਤਾਂਜਲੀ ਚੋਪੜਾ*** M.Sc., Ph.D, CSIR UGC NET, GATE
8. ਮਿਸ ਦਿਕਸ਼ਾ ਗਰਗ*** M.Sc., B.Ed., CSIR-UGC NET, GATE
9. ਡਾ. ਗੁਰਪ੍ਰੀਤ ਸਿੰਘ*** M.Sc., Ph.D, Post Doc., GATE
10. ਸ਼੍ਰੀ ਸੁਮਿਤ ਸੋਨੀ** M.Sc., M.Phil.
11. ਸ਼੍ਰੀਮਤੀ ਗਗਨਦੀਪ ਕੌਰ** M.Sc.
12. ਸ਼੍ਰੀਮਤੀ ਕਿਰਨਜੀਤ ਕੌਰ** M.Sc.
13. ਸ਼੍ਰੀਮਤੀ ਸੋਨਮ** M.Sc.
14. ਮਿਸ ਅਮੀਤ ਰਾਣਾ** M.Sc., MBA, CSIR-UGC NET
15. ਖਾਲੀ
16. ਖਾਲੀ

## ਬਾਟਨੀ ਵਿਭਾਗ

1. ਸ਼੍ਰੀਮਤੀ ਸੁਰਭੀ ਗੁਪਤਾ*** M.Sc., CSIR-UGC NET
2. ਡਾ. ਅਮਨਦੀਪ ਕੌਰ*** M.Sc., CSIR-UGC NET
3. ਸ਼੍ਰੀਮਤੀ ਡਿੰਪਲ ਪਾਰਚਾ*** M.Sc., CSIR-UGC NET
4. ਸ਼੍ਰੀ ਕੁਲਵਿੰਦਰ ਸਿੰਘ*** M.Sc., CSIR-UGC NET, GATE
5. ਸ਼੍ਰੀਮਤੀ ਮਨਦੀਪ ਕੌਰ** M.Sc.
6. ਸ਼੍ਰੀਮਤੀ ਸਰਵਰਿੰਦਰ ਕੌਰ** M.Sc.
7. ਸ਼੍ਰੀਮਤੀ ਮਨਪ੍ਰੀਤ ਕੌਰ** M.Sc.
8. ਸ਼੍ਰੀਮਤੀ ਦਾਨਿਸ਼ ਪੁਰੀ** M.Sc.
9. ਖਾਲੀ

## ਫਿਜ਼ਿਕਸ ਵਿਭਾਗ

1. ਸ਼੍ਰੀਮਤੀ ਜਸਪ੍ਰੀਤ ਕੌਰ*** M.Sc.,B.Ed., CSIR-UGC NET, GATE
2. ਸ਼੍ਰੀ ਗਗਨਦੀਪ ਸਿੰਘ*** M.Sc., GATE, CSIR-UGC NET, M.Sc. (Mathematics)
3. ਸ਼੍ਰੀ ਰਾਹੁਲ ਭਾਟੀਆ*** M.Sc., B.Ed., CSIR-UGC NET, GATE
4. ਡਾ. ਸਰਬਦੀਪ ਕੌਰ ਸਿੱਧੂ* M.Sc., M.Phil., Diploma in Electronics and Communication, Ph.D
5. ਸ਼੍ਰੀਮਤੀ ਅਕਾਸ਼ਦੀਪ ਕੌਰ** M.Sc., CSIR-UGC NET, GATE
6. ਖਾਲੀ

## ਜ਼ੁਆਲੋਜੀ ਵਿਭਾਗ

1. ਸ਼੍ਰੀਮਤੀ ਸਰਬਜੋਤ ਬੇਦੀ* M.Sc., M.Phil
2. ਸ਼੍ਰੀਮਤੀ ਅਮਨਦੀਪ ਕੌਰ** M.Sc.
3. ਖਾਲੀ

## ਗਣਿਤ ਵਿਭਾਗ

1. ਸ਼੍ਰੀ ਹਰਪਾਲ ਸਿੰਘ*** M.Sc., CSIR UGC NET
2. ਸ਼੍ਰੀ ਪਰਮਿੰਦਰ ਸਿੰਘ** M.Sc., CSIR UGC NET
3. ਖਾਲੀ

## ਬਾਇਓ ਕਮਿਸਟਰੀ ਵਿਭਾਗ

1. ਖਾਲੀ
2. ਖਾਲੀ

## ਅੰਗਰੇਜ਼ੀ ਵਿਭਾਗ

1. ਸ਼੍ਰੀਮਤੀ ਨਿਧੀ M.A., M.Phil., UGC NET

## ਪੰਜਾਬੀ ਵਿਭਾਗ

1. ਸ਼੍ਰੀਮਤੀ ਚਰਨਜੀਤ ਕੌਰ*** M.A., M.Phil., B.Ed., UGC-NET
2. ਡਾ. ਕਰਮਦੀਪ ਕੌਰ** (ਵਾਧੂ ਪੋਸਟ) M.A., M.Phil., Ph.D, UGC-NET

## ਕੰਪਿਊਟਰ ਵਿਭਾਗ

1. ਸ਼੍ਰੀ ਅਮਰਿੰਦਰ ਸਿੰਘ*** M.Sc. IT, M.Phil (CS), UGC NET

# ਨਾਨ ਟੀਚਿੰਗ ਸਟਾਫ਼

### ਦਫਤਰੀ ਅਮਲਾ

1. ਖਾਲੀ (ਸੁਪਰਡੈਂਟ)
2. ਸ਼੍ਰੀ ਬਲਵਿੰਦਰ ਸਿੰਘ
3. ਸ਼੍ਰੀ ਲਵਪ੍ਰੀਤ ਸਿੰਘ
4 – 5 ਖਾਲੀ

### ਲਾਇਬ੍ਰੇਰੀ

1. ਬਲਰਾਜ ਕੁਮਾਰ
2 ਖਾਲੀ (ਲਾਇਬ੍ਰੇਰੀਅਨ)
3 – 4 ਖਾਲੀ (ਲਾਇਬ੍ਰੇਰੀ ਅਟੈਂਡੈਂਟ)

## ਲੈਬਾਰਟਰੀ ਸਟਾਫ

1. ਸ਼੍ਰੀ ਸੁਰਿੰਦਰ ਸ਼ਰਮਾ (ਸੀਨੀ. ਲੈਕਚਰ ਅਸਿਸਟੈਂਟ)
2. ਸ਼੍ਰੀ ਮਨਦੀਪ ਸਿੰਘ (ਸੀਨੀ. ਲੈਕਚਰ ਅਸਿਸਟੈਂਟ)
3 – 6 ਖਾਲੀ (ਸੀਨੀ. ਲੈਕਚਰ ਅਸਿਸਟੈਂਟ)
7 – 15 ਖਾਲੀ (ਜੂਨੀ. ਲੈਕਚਰ ਅਸਿਸਟੈਂਟ)
16. ਸ਼੍ਰੀਮਤੀ ਰਜਨੀ ਭਾਰਦਵਾਜ (ਸੀਨੀਅਰ ਲੈਬਾਰਟਰੀ ਅਟੈਂਡੈਂਟ)
17. ਸ਼੍ਰੀ ਗੁਰਦੀਪ ਸਿੰਘ (ਸੀਨੀਅਰ ਲੈਬਾਰਟਰੀ ਅਟੈਂਡੈਂਟ)
18. ਸ਼੍ਰੀ ਚਮਕੌਰ (ਸੀਨੀਅਰ ਲੈਬਾਰਟਰੀ ਅਟੈਂਡੈਂਟ)
19. ਸ਼੍ਰੀਮਤੀ ਰਣਜੀਤ ਕੌਰ (ਲੈਬਾਰਟਰੀ ਅਟੈਂਡੈਂਟ)
20 – 25 (ਖਾਲੀ)
26. ਗੈਸ ਮੈਨ (ਖਾਲੀ)

### ਦਰਜਾ ਚਾਰ ਕਰਮਚਾਰੀ

1. ਸ਼੍ਰੀ ਕਰਨੈਲ ਸਿੰਘ (ਬੇਲਦਾਰ)
2 – 6 ਖਾਲੀ (ਬੇਲਦਾਰ)
7. ਖਾਲੀ (ਮਾਲੀ)
8 - 10 ਖਾਲੀ (ਮਾਲੀ-ਕਮ ਪਲਾਂਟ ਕੁਲੈਕਟਰ)
11. ਖਾਲੀ (ਚੌਂਕੀਦਾਰ)
12. ਖਾਲੀ (ਸੇਵਾਦਾਰ)
13 – 14 ਖਾਲੀ (ਸਫਾਈ ਸੇਵਕ)

**ਨੋਟ : ਸਾਰੀਆਂ ਖਾਲੀ ਅਸਾਮੀਆਂ ਤੇ ਲੋੜ ਅਨੁਸਾਰ ਬਦਲਵਾਂ ਉੱਚਿਤ ਇੰਤਜ਼ਾਮ ਹਰ ਸੈਸ਼ਨ ਵਿੱਚ ਕੀਤਾ ਜਾਂਦਾ ਹੈ ।**

* ਇਨ੍ਹਾਂ ਅਸਾਮੀਆਂ ਉੱਤੇ ਪਾਰਟ ਟਾਈਮ ਅਧਿਆਪਕ ਕੰਮ ਕਰ ਰਹੇ ਹਨ ।(ਕੋਰਟ ਪ੍ਰੋਟੈਕਟਿਡ)
** ਇਨ੍ਹਾਂ ਅਸਾਮੀਆਂ ਉੱਤੇ ਗੈਸਟ ਫੈਕਲਟੀ ਅਧਿਆਪਕ ਕੰਮ ਕਰ ਰਹੇ ਹਨ ।
*** ਇਨ੍ਹਾਂ ਅਸਾਮੀਆਂ ਉੱਤੇ ਜੋ ਅਧਿਆਪਕ ਕੰਮ ਕਰ ਰਹੇ ਹਨ ਉਹਨਾਂ ਦਾ ਫੈਸਲਾ (Subject to CWP) ਦੇ ਅਧੀਨ ਹੈ ।

## ਹੋਸਟਲ ਕਮੇਟੀ

1. ਹੋਸਟਲ ਸੁਪਰਡੈਂਟ (ਖਾਲੀ)
2. ਸ਼੍ਰੀਮਤੀ ਨਿਧੀ
3. ਸ਼੍ਰੀਮਤੀ ਸਰਬਜੋਤ ਬੇਦੀ
4. ਡਾ. ਸਰਬਦੀਪ ਕੌਰ ਸਿੱਧੂ
5. ਮਿਸ ਭੁਪਿੰਦਰ ਕੌਰ
6. ਸ਼੍ਰੀਮਤੀ ਨੇਹਾ
7. ਮਿਸ ਅਮਨਦੀਪ ਕੌਰ
8. ਡਾ. ਗੀਤਾਂਜਲੀ ਚੋਪੜਾ
9. ਮਿਸ ਦਿਕਸ਼ਾ ਗਰਗ
10. ਸ਼੍ਰੀਮਤੀ ਮਨਦੀਪ ਕੌਰ
11. ਮਿਸ ਅਮੀਤ ਰਾਣਾ
12. ਸ਼੍ਰੀਮਤੀ ਰਜਨੀ ਭਾਰਦਵਾਜ
13. ਸ਼੍ਰੀ ਚਮਕੌਰ ਸਿੰਘ
14. ਨਰਸ (ਖਾਲੀ)

## ਐਨ.ਐਸ.ਐਸ.

1. ਸ਼੍ਰੀਮਤੀ ਸੁਰਭੀ ਗੁਪਤਾ
2. ਸ਼੍ਰੀ ਕੁਲਵਿੰਦਰ ਸਿੰਘ
3. ਸ਼੍ਰੀਮਤੀ ਅਮਨਦੀਪ ਕੌਰ
4. ਸ਼੍ਰੀ ਪਰਮਿੰਦਰ ਸਿੰਘ
5. ਸ਼੍ਰੀ ਚਮਕੌਰ ਸਿੰਘ

## ਸੀਨੀਅਰ ਟਿਊਟਰ

1. ਸ਼੍ਰੀਮਤੀ ਨਿਧੀ
2. ਸ਼੍ਰੀ ਸੁਮਿਤ ਸੋਨੀ

## ਕਾਲਜ ਕੌਂਸਲ

1. ਸ਼੍ਰੀਮਤੀ ਨਿਧੀ
2. ਸ਼੍ਰੀਮਤੀ ਸੁਰਭੀ ਗੁਪਤਾ
3. ਸ਼੍ਰੀਮਤੀ ਸਰਬਜੋਤ ਬੇਦੀ
4. ਸ਼੍ਰੀਮਤੀ ਸਰਬਦੀਪ ਕੌਰ ਸਿੱਧੂ
5. ਸ਼੍ਰੀ ਸੁਮਿਤ ਸੋਨੀ

## SC, BC / ਫੀਸ ਮੁਆਫੀ / ਵਜ਼ੀਫੇ

1. ਡਾ. ਗੁਰਪ੍ਰੀਤ ਸਿੰਘ
2. ਮਿਸ ਅਮਨਦੀਪ ਕੌਰ
3. ਸ਼੍ਰੀਮਤੀ ਰਜਨੀ ਭਾਰਦਵਾਜ
4. ਸ਼੍ਰੀ ਗੁਰਦੀਪ ਸਿੰਘ
5. ਸ਼੍ਰੀਮਤੀ ਵੀਰਪਾਲ ਕੌਰ

## ਕਾਲਜ ਬਰਸਰ

1. ਸ਼੍ਰੀਮਤੀ ਨਿਧੀ
2. ਡਾ. ਅਮਨਦੀਪ ਕੌਰ

## ਰਜਿਸਟਰਾਰ ਘਰੇਲੂ ਪ੍ਰੀਖਿਆਵਾਂ / ਪ੍ਰੀਖਿਆਵਾਂ ਕਮੇਟੀ

1. ਸ਼੍ਰੀ ਸੁਮਿਤ ਸੋਨੀ
2. ਡਾ. ਗੁਰਪ੍ਰੀਤ ਸਿੰਘ
3. ਸ਼੍ਰੀਮਤੀ ਕਿਰਨਜੀਤ ਕੌਰ
4. ਸ਼੍ਰੀ ਮਨਦੀਪ ਸਿੰਘ
5. ਸ਼੍ਰੀਮਤੀ ਰਜਨੀ ਭਾਰਦਵਾਜ

## ਬੱਸ ਪਾਸ ਇੰਚਾਰਜ

1. ਸ਼੍ਰੀ ਰਾਹੁਲ ਭਾਟੀਆ
2. ਸ਼੍ਰੀ ਪਰਮਿੰਦਰ ਸਿੰਘ (ਲੜਕੇ)
3. ਸ਼੍ਰੀਮਤੀ ਮਨਪ੍ਰੀਤ ਕੌਰ (ਲੜਕੀਆਂ)

# ਫੀਸ ਸਬੰਧੀ ਜਰੂਰੀ ਸੂਚਨਾ-

ਫੀਸ ਸਿਰਫ ਆਨ-ਲਾਈਨ/ ਆਫ-ਲਾਈਨ ਪੇਮੈਂਟ ਗੇਟਵੇ ਰਾਹੀਂ ਜਮ੍ਹਾਂ ਕੀਤੀ ਜਾ ਸਕਦੀ ਹੈ।ਕਾਲਜ ਵਿੱਚ ਕੈਸ਼ ਸਵੀਕਾਰ ਨਹੀਂ ਕੀਤਾ ਜਾਵੇਗਾ । ਉਮੀਦਵਾਰ ਹੇਠਾਂ ਦਿੱਤੇ ਤਰੀਕਿਆਂ ਦੀ ਵਰਤੋਂ ਕਰ ਸਕਦੇ ਹਨ: - ਡੈਬਿਟ ਕਾਰਡ/ਕ੍ਰੈਡਿਟ ਕਾਰਡ/ਏ.ਟੀ.ਐਮ ਕਾਰਡ/ਨੈੱਟ ਬੈਂਕਿੰਗ ਆਦਿ।ਜੇਕਰ ਕੋਈ ਵੀ ਸੁਵਿਧਾ ਉਪਲੱਬਧ ਨਹੀਂ ਹੈ ਤਾਂ ਵਿਦਿਆਰਥੀ ਚਲਾਨ ਰਾਹੀਂ ਫੀਸ ਸਿੱਧੇ ਪੰਜਾਬ ਨੈਸ਼ਨਲ ਬੈਂਕ ਰਾਏਕੋਟ ਅੱਡਾ, ਜਗਰਾਓਂ ਵਿੱਚ ਜਮ੍ਹਾਂ ਕਰਵਾ ਸਕਦਾ ਹੈ (ਚਲਾਨ ਫਾਰਮ ਕਾਲਜ ਦੇ ਦਫ਼ਤਰ ਵਿੱਚ ਉਪਲਬਧ ਹੋਵੇਗਾ)।ਕਲਾਸ ਰੋਲ ਨੰਬਰ ਪ੍ਰਾਪਤ ਕਰਨ ਲਈ ਦਫਤਰ ਵਿੱਚ ਬੈਂਕ ਚਲਾਨ ਜਮ੍ਹਾਂ ਕਰਨਾ ਹੋਵੇਗਾ।

## Special Note

Fees can be deposited through online/offline mode. The candidates can use anyone of the following gateways: - Debit Card/ Credit Card/ ATM Card/ Netbanking etc. If none of the given gateway is available one can deposit the fee directly in the College account being maintained at Punjab National Bank Raikot Adda, Jagraon through Challan (Challan Form will be available in the college office). One has to deposit the bank challan in the office to get class Roll No.

# ਦਾਖਲੇ ਸੰਬੰਧੀ ਸੂਚਨਾ

ਬੀ.ਐਸ.ਸੀ. ਭਾਗ ਪਹਿਲਾ ਮੈਡੀਕਲ, ਨਾਨ-ਮੈਡੀਕਲ ਅਤੇ ਐਮ.ਐਸ.ਸੀ.ਭਾਗ ਪਹਿਲਾ ਬਾਟਨੀ ਅਤੇ ਕਮਿਸਟਰੀ ਵਿੱਚ ਦਾਖਲੇ ਲਈ ਪੰਜਾਬ ਸਰਕਾਰ ਦੁਆਰਾ ਦਿੱਤੇ ਜਾਣ ਵਾਲੀ ਸਮਾਂ-ਸੂਚੀ ਅਨੁਸਾਰ ਰਜਿਸਟ੍ਰੇਸ਼ਨ B.Sc. ਵਿਦਿਆਰਥੀਆਂ ਲਈ 24 ਅਪ੍ਰੈਲ 2025 ਤੋਂ ਸ਼ੁਰੂ ਹੋ ਚੁੱਕੀ ਹੈ ਅਤੇ M.Sc. ਦੇ ਵਿਦਿਆਰਥੀਆਂ ਲਈ 1 ਜੁਲਾਈ 2025 ਤੋਂ ਸ਼ੁਰੂ ਹੋਵੇਗੀ। ਦਾਖਲੇ ਸਬੰਧੀ ਸੂਚਨਾ ਕਾਲਜ ਦੀ ਵੈਬਸਾਈਟ ਤੇ ਘੋਸ਼ਿਤ ਕਰ ਦਿੱਤੀ ਜਾਵੇਗੀ। ਚਾਹਵਾਨ ਵਿਦਿਆਰਥੀ ਕਾਲਜ ਦਾ ਵੈਬਸਾਈਟ ਚੈਕ ਕਰਦੇ ਰਹਿਣ।

## UG Schedule

| Sr. No. | Title | Date/Timeline |
|---|---|---|
| 1. | Start date of submission of Registration form at Centralized Portal | 24th April, 2025 |
| 2. | Updating of online admission forms at Centralized Portal | 1st May, 2025 |
| 3. | End date of submission of online admission forms at centralized portal | 20th May, 2025 |
| 4. | Online Document Verification | 21st May, 2025<br>24th May, 2025 |
| 5. | Display of Provisional Merit List | 27th May, 2025 |
| 6. | Removal of objections in the provisional Merit Lists | 28th to 29th May, 2025 |
| 7. | Display of Final Merit List | 1st June, 2025 |
| 8. | Counseling and First Round of Admission | 2nd - 12th June 2025 |
| 9. | Commencement of online open counseling | 13th June, 2025 |
| 10. | Last date of UG online Open Counseling | 29th July, 2025 |
| 11. | Last Date for students to deposit Fee (As per University rules) | 31st July, 2025 |
| 12. | Commencement of Admission with Late Fee (if any), as per university rules | 1st Aug, 2025 onwards |

## PG Schedule

| Sr. No. | Title | Date/Timeline |
|---|---|---|
| 1. | Start date of submission of online admission forms at centralized portal | 1st July, 2025 |
| 2. | End date of submission of online admission forms at centralized portal | 20th July, 2025 |
| 3. | Online Document Verification | 21st July, 2025<br>24th July, 2025 |
| 4. | Display of Provisional Merit List | 25th July, 2025 |
| 5. | Removal of objections in the provisional Merit Lists | 26th July, 2025<br>27th July, 2025 |
| 6. | Display of Final Merit List | 29th July, 2025 |
| 7. | Counseling and First Round of Admission | 30th July, 2025<br>5th Aug, 2024 |
| 8. | Commencement of online open counseling | 6th Aug, 2025 |
| 9. | Last Date of PG Open Counseling | 8th August, 2025 |
| 10. | Last Date for students to deposit Fee (As per University rules) | 10th August, 2025 |

# ਦਾਖਲਾ ਮਿਤੀਆਂ

ਸਮਾਂ ਸਵੇਰੇ 9.00 ਵਜੇ ਤੋਂ ਦੁਪਹਿਰ 1.00 ਵਜੇ ਤੱਕ

| ਕਲਾਸ | ਮਿਤੀ | ਸਥਾਨ | ਕਲਾਸ | ਮਿਤੀ | ਸਥਾਨ |
|---|---|---|---|---|---|
| ਬੀ.ਐਸ.ਸੀ. (ਮੈਡੀਕਲ) ਭਾਗ ਪਹਿਲਾ | 03-06-2025 | ਜੁਆਲੋਜੀ ਲੈਬ | ਬੀ.ਐਸ.ਸੀ. (ਨਾਨ-ਮੈਡੀਕਲ) ਭਾਗ ਪਹਿਲਾ | 03-06-2025 | ਆਡੀਟੋਰੀਅਮ |
| ਬੀ.ਐਸ.ਸੀ. (ਮੈਡੀਕਲ) ਭਾਗ ਦੂਜਾ | 12-07-2025 | ਜੁਆਲੋਜੀ ਲੈਬ | ਬੀ.ਐਸ.ਸੀ. (ਨਾਨ-ਮੈਡੀਕਲ) ਭਾਗ ਦੂਜਾ | 12-07-2025 | ਰੂਮ ਨੰ: 5 |
| ਬੀ.ਐਸ.ਸੀ. (ਮੈਡੀਕਲ) ਭਾਗ ਤੀਜਾ | 14-07-2025 | ਜੁਆਲੋਜੀ ਲੈਬ | ਬੀ.ਐਸ.ਸੀ. (ਨਾਨ-ਮੈਡੀਕਲ) ਭਾਗ ਤੀਜਾ | 14-07-2025 | ਰੂਮ ਨੰ: 5 |
| ਐਮ.ਐਸ.ਸੀ. (ਕਮਿਸਟਰੀ) ਭਾਗ ਪਹਿਲਾ | 16-07-2025 | ਰੂਮ ਨੰ: 5 | ਐਮ.ਐਸ.ਸੀ. (ਬਾਟਨੀ) ਭਾਗ ਪਹਿਲਾ | 16-07-2025 | ਐਮ.ਐਸ.ਸੀ.-1 ਬਾਟਨੀ ਲੈਬ |
| ਐਮ.ਐਸ.ਸੀ. (ਕਮਿਸਟਰੀ) ਭਾਗ ਦੂਜਾ | 18-07-2025 | ਰੂਮ ਨੰ: 5 | ਐਮ.ਐਸ.ਸੀ. (ਬਾਟਨੀ) ਭਾਗ ਦੂਜਾ | 18-07-2025 | ਐਮ.ਐਸ.ਸੀ.-1 ਬਾਟਨੀ ਲੈਬ |

**ਨੋਟ : ਬੀ.ਐਸ.ਸੀ. ਭਾਗ ਪਹਿਲਾ ਦੇ ਦਾਖਲੇ ਲਈ ਉੱਚ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ ਉਪਰੋਕਤ ਮਿਤੀਆਂ ਵਿੱਚ ਲੋੜ ਪੈਣ 'ਤੇ ਤਬਦੀਲੀ ਕੀਤੀ ਜਾ ਸਕਦੀ ਹੈ । ਇਸ ਸੰਬੰਧੀ ਸੂਚਨਾ ਕਾਲਜ ਦੀ ਵੈਬਸਾਈਟ 'ਤੇ ਪਾ ਦਿੱਤੀ ਜਾਵੇਗੀ ।**

# ਲੜਕੀਆਂ ਦੇ ਹੋਸਟਲ ਦੇ ਦਾਖ਼ਲੇ ਸੰਬੰਧੀ ਸੂਚਨਾ

ਹੋਸਟਲ ਵਿਚ ਦਾਖ਼ਲਾ ਮੈਰਿਟ ਅਤੇ ਦੂਰੀ ਦੇ ਅਧਾਰ ਤੇ ਕੀਤਾ ਜਾਵੇਗਾ। ਕਾਲਜ ਦਾਖ਼ਲੇ ਤੋਂ ਬਾਅਦ ਹੋਸਟਲ ਲੈਣ ਦੇ ਚਾਹਵਾਨ ਵਿਦਿਆਰਥੀ/ਮਾਪੇ ਕਾਲਜ ਦੀ ਹੋਸਟਲ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ। ਹੋਸਟਲ ਵਿਚ ਦਾਖ਼ਲਾ ਕਾਲਜ ਵਿਚ ਦਾਖ਼ਲੇ ਦੇ ਦਿਨ ਹੀ ਹੋਵੇਗਾ। ਹੋਸਟਲ ਦਾਖ਼ਲੇ ਲਈ ਇਸ ਨੰਬਰ ਤੇ 96466-48004 ਸ਼੍ਰੀਮਤੀ ਰਜਨੀ ਭਾਰਦਵਾਜ਼ ਨਾਲ ਸੰਪਰਕ ਕਰ ਸਕਦੇ ਹਨ ।

# I. ਹੋਸਟਲ ਦੇ ਦਾਖ਼ਲੇ ਸਬੰਧੀ ਜ਼ਰੂਰੀ ਸ਼ਰਤਾਂ/ਹਦਾਇਤਾਂ ਅਤੇ ਜ਼ਰੂਰੀ ਪ੍ਰਮਾਣ ਪੱਤਰ

**ਜ਼ਰੂਰੀ ਨੋਟ** :

1. ਹੋਸਟਲ ਦਾਖ਼ਲੇ ਲਈ ਵੱਖਰਾ ਫਾਰਮ ਭਰਨਾ ਜ਼ਰੂਰੀ ਹੈ, ਜੋ ਹੋਸਟਲ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ।
2. ਕਾਲਜ ਵਿੱਚ ਦਾਖ਼ਲਾ ਮਿਲਣ ਦੀ ਸੂਰਤ ਵਿੱਚ ਜ਼ਰੂਰੀ ਨਹੀਂ ਕਿ ਹੋਸਟਲ ਵਿੱਚ ਵੀ ਦਾਖ਼ਲਾ ਮਿਲ ਜਾਵੇਗਾ ।
3. ਹੋਸਟਲ ਵਿੱਚ ਦਾਖ਼ਲਾ ਕੇਵਲ ਉੱਚੀ ਮੈਰਿਟ ਅਤੇ ਕਾਲਜ ਤੋਂ ਘਰ ਦੀ ਦੂਰੀ ਦੇ ਅਧਾਰ ਤੇ ਹੀ ਦਿੱਤਾ ਜਾਵੇਗਾ ।
4. ਲੜਕੀ ਦੇ ਮਾਤਾ ਅਤੇ ਪਿਤਾ ਦੋਨਾਂ ਦਾ ਦਾਖ਼ਲੇ ਸਮੇਂ ਲੜਕੀ ਦੇ ਨਾਲ ਆਉਣਾ ਅਤੀ ਜ਼ਰੂਰੀ ਹੈ ।
5. ਹੋਸਟਲ ਵਿੱਚ ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀਆਂ ਲਈ ਇਕ ਲੋਕਲ ਗਾਰਡੀਅਨ ਦਾ ਫੋਨ ਨੰਬਰ ਦੇਣਾ ਜ਼ਰੂਰੀ ਹੈ ਤਾਂ ਕਿ ਐਮਰਜੈਂਸੀ ਦੀ ਸੂਰਤ ਵਿੱਚ ਉਹਨਾਂ ਨਾਲ ਸੰਪਰਕ ਕੀਤਾ ਜਾ ਸਕੇ ।
6. ਦਾਖ਼ਲਾ ਲੈਣ ਸਮੇਂ ਲੜਕੀ ਦੀਆਂ 5 ਫੋਟੋਆਂ ਦੇ ਨਾਲ-ਨਾਲ ਉਸਦੇ ਮਾਤਾ-ਪਿਤਾ ਅਤੇ ਉਸਨੂੰ ਮਿਲਣ ਵਾਲੇ ਰਿਸ਼ਤੇਦਾਰਾਂ ਦੀਆਂ ਫੋਟੋਆਂ ਦੀਆਂ 2 ਕਾਪੀਆਂ ਨਾਲ ਲਿਆਉਣੀਆਂ ਅਤੀ ਜ਼ਰੂਰੀ ਹੈ । ਸਾਰੀਆਂ ਫੋਟੋਆਂ ਮਾਤਾ-ਪਿਤਾ ਵੱਲੋਂ ਹੋਸਟਲ ਦਾਖ਼ਲਾ ਕਮੇਟੀ ਦੇ ਸਾਹਮਣੇ ਤਸਦੀਕ ਹੋਣੀਆਂ ਜ਼ਰੂਰੀ ਹਨ ।

7. ਹੋਸਟਲ ਵਿੱਚ ਦਾਖ਼ਲਾ ਲੈਣ ਲਈ ਲੜਕੀ ਸਰੀਰਕ ਅਤੇ ਮਾਨਸਿਕ ਤੌਰ ਤੇ ਪੂਰੀ ਤਰ੍ਹਾਂ ਤੰਦਰੁਸਤ ਹੋਣੀ ਚਾਹੀਦੀ ਹੈ । ਲੜਕੀ ਦੁਆਰਾ ਮੈਡੀਕਲ ਫਿੱਟਨੈਸ ਸਰਟੀਫਿਕੇਟ ਅਤੇ ਬਲੱਡ ਗਰੁੱਪ ਦੀ ਰਿਪੋਰਟ ਲਗਾਈ ਜਾਵੇ ।

8. ਵਿਦਿਆਰਥਣਾਂ ਲਈ ਮੈੱਸ, ਕੰਟੀਨ, ਟੱਕ ਸ਼ਾਪ, ਕਾਮਨ/ਰੀ-ਕਰੀਏਸ਼ਨ ਰੂਮ, ਸਿੱਕ ਰੂਮ, ਰੀਡਿੰਗ ਰੂਮ ਅਤੇ ਦੋ-ਗੈਸਟ ਰੂਮ ਹਨ ।

9. ਵਿਦਿਆਰਥਣਾਂ ਲਈ ਹੋਸਟਲ ਵਿੱਚ ਵਾਟਰ ਕੂਲਰ ਸਮੇਤ ਆਰ.ਓ. ਸਿਸਟਮ, ਗੀਜ਼ਰ, ਵਾਸ਼ਿੰਗ ਮਸ਼ੀਨ ਆਦਿ ਸਹੂਲਤਾਂ ਉਪਲਬੱਧ ਹਨ ।

10. ਵਿਦਿਆਰਥਣਾਂ ਦੇ ਬਹੁਪੱਖੀ ਵਿਕਾਸ ਲਈ ਹੋਸਟਲ ਵਿੱਚ ਵਿਸ਼ੇਸ਼ ਤੌਰ ਕਸਰਤ ਦੇ ਲਈ ਸਾਈਕਲ, ਇੰਡੋਰ ਗੇਮਜ਼ ਅਤੇ ਟਵਿਸਟਰ ਆਦਿ ਉਪਲੱਬਧ ਹਨ ।

11. ਕਾਲਜ ਹੋਸਟਲ ਸੀ.ਸੀ.ਟੀ.ਵੀ. ਕੈਮਰੇ ਦੀ ਨਿਗਰਾਨੀ ਹੇਠ ਹੈ ।

## (II) ਹੋਸਟਲ ਮੈੱਸ ਦੇ ਬਿੱਲ ਦੀ ਅਦਾਇਗੀ ਬਾਰੇ

**ਹੋਸਟਲ ਮੈੱਸ ਦਾ ਖਾਣੇ ਦਾ ਬਿੱਲ ਸਾਰੇ ਮਹੀਨੇ ਦਾ ਲਿਆ ਜਾਵੇਗਾ । ਛੋਟ ਸਿਰਫ ਹੇਠ ਲਿਖੇ ਅਨੁਸਾਰ ਹੀ ਮਿਲੇਗੀ :-**

**1. ਪੱਤਝੜ ਅਤੇ ਸਰਦੀਆਂ ਦੀਆਂ ਛੁੱਟੀਆਂ ਲਈ ।**

**2. ਸਰਕਾਰ ਜਾਂ ਕਾਲਜ ਅਧਿਕਾਰੀ ਵੱਲੋਂ ਹੋਸਟਲ ਸਰਕਾਰੀ ਤੌਰ ਤੇ ਬੰਦ ਕਰਨ ਤੇ ।**

**3. ਜਦੋਂ ਯੂਨੀਵਰਸਿਟੀ ਦੇ ਇਮਤਿਹਾਨ ਖ਼ਤਮ ਹੁੰਦੇ ਹਨ, ਵਿਦਿਆਰਥੀ ਨੂੰ ਆਪਣਾ ਆਖਰੀ ਪੇਪਰ ਖ਼ਤਮ ਹੋਣ ਤੱਕ ਮੈੱਸ ਚਾਰਜ ਦੇਣਾ ਪਵੇਗਾ। ਕੋਈ ਵਿਦਿਆਰਥੀ ਜੇ ਕਿਸੇ ਹੋਰ ਕਾਰਨ ਹੋਸਟਲ ਛੱਡਦਾ ਹੈ ਤਾਂ ਉਸ ਨੂੰ ਮਹੀਨੇ ਦਾ ਪੂਰਾ ਮੈੱਸ ਚਾਰਜ ਦੇਣਾ ਪਵੇਗਾ ਅਤੇ ਇਸ ਸਬੰਧੀ ਪ੍ਰਵਾਨਗੀ ਕਾਲਜ ਅਧਿਕਾਰੀਆਂ ਤੋਂ ਲੈਣੀ ਪਵੇਗੀ ।**

## (III) ਹੋਸਟਲ ਬਾਰੇ ਜ਼ਰੂਰੀ ਨਿਰਦੇਸ਼

1. ਕਾਲਜ ਹੋਸਟਲ ਵਿੱਚ ਦਾਖ਼ਲਾ ਲੈਣ ਲਈ ਹਰੇਕ ਲੜਕੀ ਨੂੰ ਨਿਸ਼ਚਿਤ ਫਾਰਮ ਭਰ ਕੇ ਦੇਣਾ ਹੋਵੇਗਾ । ਦਾਖ਼ਲਾ ਲੈਣ ਸਮੇਂ ਲੜਕੀ ਦੇ ਮਾਪਿਆਂ ਵੱਲੋਂ ਉਨ੍ਹਾਂ ਵਿਅਕਤੀਆਂ ਦੀ ਸੂਚੀ ਅਤੇ ਉਨ੍ਹਾਂ ਦੇ ਮਾਤਾ-ਪਿਤਾ ਵੱਲੋਂ ਤਸਦੀਕਸ਼ੁਦਾ ਫੋਟੋ, ਜੋ ਲੜਕੀ ਨੂੰ ਹੋਸਟਲ ਵਿੱਚ ਮਿਲ ਸਕਦੇ ਹਨ ਜਾਂ ਘਰ ਲੈ ਕੇ ਜਾ ਸਕਦੇ ਹਨ, ਦੇਣੀ ਪਵੇਗੀ। ਕੇਵਲ ਸੂਚੀ ਵਿੱਚ ਦਿੱਤੇ ਵਿਅਕਤੀ ਨੂੰ ਹੀ ਕਾਲਜ ਸਮੇਂ ਤੋਂ ਬਾਅਦ ਲੜਕੀ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਜਾਵੇਗੀ । ਇਸ ਸੂਚੀ ਅਤੇ ਫੋਟੋਆਂ ਤੋਂ ਬਿਨਾਂ ਕਿਸੇ ਲੜਕੀ ਨੂੰ ਹੋਸਟਲ ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ । ਜੇਕਰ ਦੋ ਸਕੀਆਂ ਭੈਣਾਂ ਹੋਸਟਲ ਵਿੱਚ ਰਹਿ ਰਹੀਆਂ ਹਨ ਤਾਂ ਦੋਹਾਂ ਨੂੰ ਮਿਲਣ ਵਾਲਿਆਂ ਦੀ ਸੂਚੀ ਵਿੱਚ ਨਾਂ ਇੱਕ ਹੀ ਹੋਣੇ ਚਾਹੀਦੇ ਹਨ ।

2. ਹੋਸਟਲਰ ਲੜਕੀ 15 ਦਿਨ ਵਿੱਚ ਇੱਕ ਵਾਰ ਘਰ ਜਾ ਸਕਦੀ ਹੈ । ਹੋਸਟਲ ਤੋਂ ਆਪਣੇ ਘਰ ਜਾਂ ਸਰਪ੍ਰਸਤ ਦੇ ਘਰ ਜਾਣ ਦੀ ਛੁੱਟੀ ਲੈ ਕੇ ਗਈ ਲੜਕੀ ਦੀ ਛੁੱਟੀ ਲੈਣ ਤੋਂ ਬਾਅਦ ਕਾਲਜ ਤੋਂ ਬਾਹਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ । ਬਗੈਰ ਛੁੱਟੀ ਲਏ ਹੋਸਟਲ ਵਿੱਚ ਗੈਰਹਾਜ਼ਰ ਪਾਈ ਲੜਕੀ ਦੇ ਮਾਤਾ-ਪਿਤਾ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਇਸ ਤੋਂ ਬਾਅਦ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ ।

3. ਜਦੋਂ ਕਿਸੇ ਲੜਕੀ ਨੇ ਘਰ ਜਾਣਾ ਹੋਵੇ ਤਾਂ ਹੋਸਟਲ ਟਿਊਟਰ ਤੋਂ ਲੀਵ ਬੁੱਕ ਤੇ ਆਗਿਆ ਲੈਣਾ ਅਤੇ ਗੇਟ ਤੇ ਰੱਖੇ ਰਜਿਸਟਰ ਵਿੱਚ ਜਾਣ ਤੇ ਆਉਣ ਦਾ ਸਮਾਂ ਭਰ ਕੇ ਦਸਤਖ਼ਤ ਕਰਨੇ ਜ਼ਰੂਰੀ ਹਨ । ਲੜਕੀ ਦੇ ਘਰ ਜਾਣ ਉਪਰੰਤ ਮਾਤਾ-ਪਿਤਾ ਦਾ ਲੀਵ ਬੁੱਕ ਤੇ ਹਸਤਾਖ਼ਰ ਕਰਨਾ ਅਤੇ ਪਹੁੰਚਣ ਦਾ ਸਮਾਂ ਪਾਉਣਾ ਅਤੀ ਜ਼ਰੂਰੀ ਹੈ । ਘਰ ਤੋਂ ਚੱਲਣ ਦਾ ਸਮਾਂ ਵੀ ਲੀਵ ਬੁੱਕ ਤੇ ਪਾਇਆ ਜਾਵੇ ।

4. ਲੜਕੀ ਦੇ ਹੋਸਟਲ ਵਾਪਿਸ ਆਉਣ ਤੇ ਰਜਿਸਟਰ ਤੇ ਦਸਤਖ਼ਤ ਤੇ ਸਮਾਂ ਅਤੇ ਲੀਵ ਬੁੱਕ ਪੂਰੀ ਕਰਨੀ ਜ਼ਰੂਰੀ ਹੈ ।

5. ਹੋਸਟਲਰ ਲੜਕੀ ਨੂੰ ਕਾਲਜ ਤੋਂ ਬਾਹਰ ਜਾਣ ਦੀ ਆਗਿਆ ਨਹੀਂ, ਜੇਕਰ ਕੋਈ ਲੜਕੀ ਬਿਨਾਂ ਇਜ਼ਾਜਤ ਕਾਲਜ ਗੇਟ ਤੋਂ ਬਾਹਰ ਜਾਵੇਗੀ ਤਾਂ ਉਸਨੂੰ ਕਾਲਜ ਵਿੱਚੋਂ ਕੱਢਿਆ ਜਾ ਸਕਦਾ ਹੈ ।ਮਾਤਾ - ਪਿਤਾ ਨੂੰ ਬੇਨਤੀ ਹੈ ਕਿ ਉਹ ਸਮੇਂ-ਸਮੇਂ ਤੇ ਵਿਦਿਆਰਥੀ ਦਾ ਆਉਣ ਜਾਣ ਦਾ ਰਿਕਾਰਡ ਐਂਟਰੀ ਰਜਿਸਟਰ ਵਿੱਚ ਚੈੱਕ ਕਰਨ ਤੇ ਹਸਤਾਖਰ ਕਰਨ।

6. ਮਾਤਾ ਪਿਤਾ ਆਪਣੀ ਮਰਜ਼ੀ ਨਾਲ ਲੜਕੀ ਨੂੰ ਫੋਨ ਦੇ ਸਕਦੇ ਹਨ। ਫੋਨ ਦੀ ਵਰਤੋ ਨਿਸ਼ਚਿਤ ਸਮੇ **ਸ਼ਾਮ 7.00 ਵਜੇ ਤੋਂ 9.00 ਵਜੇ ਤੱਕ** ਕੀਤੀ ਜਾਵੇ।ਜੇਕਰ ਫੋਨ ਦੀ ਦੁਰਵਰਤੋ ਕੀਤੀ ਜਾਂਦੀ ਹੈ ਤਾਂ ਕਾਲਜ ਦੀ ਕੋਈ ਜਿੰਮੇਵਾਰੀ ਨਹੀ ਹੋਵੇਗੀ।

7. ਲੀਵ ਬੁੱਕ ਗੁੰਮ ਹੋ ਜਾਣ ਦੀ ਸੂਰਤ ਵਿੱਚ ਲੀਵ ਬੁੱਕ ਦੀ ਕੀਮਤ ਜਮ੍ਹਾਂ ਕਰਵਾ ਕੇ ਆਪਣੇ ਟਿਊਟਰ ਤੋਂ ਨਵੀਂ ਲੀਵ ਬੁੱਕ ਲੈ ਸਕਦੇ ਹੋ । ਹੋਸਟਲਰ ਦੇ ਮਾਤਾ-ਪਿਤਾ ਨੂੰ ਕਾਲਜ ਆ ਕੇ ਸਾਰੇ ਦਸਤਖ਼ਤ ਹੋਸਟਲ ਟਿਊਟਰ ਦੇ ਸਾਹਮਣੇ ਲੀਵ ਬੁੱਕ ਅਤੇ ਹੋਸਟਲ ਰਜਿਸਟਰ ਵਿੱਚ ਕਰਨੇ ਪੈਣਗੇ । ਆਪਣਾ ਨਵਾਂ ਲੀਵ ਬੁੱਕ ਨੰਬਰ ਨੋਟ ਕਰਾਉਣਾ ਅਤੀ ਜ਼ਰੂਰੀ ਹੈ ।

8. ਵਿਦਿਆਰਥੀ ਦੇ ਬੀਮਾਰ ਹੋਣ ਦੀ ਸੂਰਤ ਵਿੱਚ ਉਸਦੇ ਮਾਪਿਆਂ ਨੂੰ **ਅਤੇ ਲੋਕਲ ਗਾਰਡੀਅਨ ਨੂੰ** ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਜੋ ਆਪਣੇ ਬੱਚੇ ਦੀ ਦੇਖ-ਰੇਖ ਆਪਣੀ ਨਿਗਰਾਨੀ ਹੇਠ ਕਰ ਸਕਣ ।

9. ਲੜਕੀ ਨੂੰ ਮਾਰਕੀਟ ਜਾਣ ਦੀ ਆਗਿਆ ਨਹੀਂ ਹੋਵੇਗੀ । ਜ਼ਰੂਰਤ ਦਾ ਸਾਰਾ ਸਮਾਨ ਜਿਵੇਂ ਕਿਤਾਬਾਂ, ਰਜਿਸਟਰ, ਬਿਸਤਰਾ, ਬਾਲਟੀ, ਮੱਗ, ਤਾਲਾ,ਬਰਤਨ (ਗਲਾਸ, ਪਲੇਟ ਆਦਿ) ਅਤੇ ਸਾਧਾਰਨ ਦਵਾਈਆਂ (ਕਿਸੇ ਡਾਕਟਰ ਦੀ ਸਲਾਹ ਨਾਲ) ਜੋ ਲੜਕੀ ਲੋੜ ਪੈਣ ਤੇ ਲੈ ਸਕਦੀ ਹੈ, ਨਾਲ ਦਿੱਤਾ ਜਾਵੇ ।

10. ਮਾਪੇ ਜਾਂ ਲੋਕਲ ਸਰਪ੍ਰਸਤ ਹੋਸਟਲਰ ਲੜਕੀ ਨੂੰ 9.00 am ਤੋਂ 5.00 pm **ਸਿਰਫ ਐਤਵਾਰ ਵਾਲੇ ਦਿਨ** ਮਿਲ ਸਕਦੇ ਹਨ । ਸਾਰੇ ਰਿਸ਼ਤੇਦਾਰ ਜੋ ਮਿਲਣ ਆਉਂਦੇ ਹਨ,ਉਹ ਰਜਿਸਟਰ ਵਿੱਚ ਦਸਤਖ਼ਤ ਜ਼ਰੂਰ ਕਰਨ, ਜਿਸ ਵਿੱਚ ਆਉਣ ਜਾਣ ਦਾ ਸਮਾਂ ਦਰਜ਼ ਹੋਵੇ । ਮਿਲਣ ਆਉਣ ਵਾਲੇ ਦੇ ਚੰਗੇ ਵਿਹਾਰ ਦੀ ਜ਼ਿੰਮੇਵਾਰ ਉਹ ਵਿਦਿਆਰਥਣ ਹੋਵੇਗੀ ਜਿਸ ਨੂੰ ਉਹ ਮਿਲਣ ਆਇਆ ਹੈ । ਨਸ਼ਾ ਕਰਕੇ ਆਉਣ ਵਾਲੇ ਵਿਜ਼ਿਟਰ ਨੂੰ ਕਿਸੇ ਵੀ ਲੜਕੀ ਨੂੰ ਮਿਲਣ ਨਹੀਂ ਦਿੱਤਾ ਜਾਵੇਗਾ ।

11. ਕੋਈ ਵੀ ਮਿਲਣ ਵਾਲਾ ਰਾਤ ਨੂੰ ਕਾਲਜ ਹੋਸਟਲ ਵਿੱਚ ਨਹੀਂ ਰਹਿ ਸਕਦਾ । ਮਿਲਣ ਵਾਲੇ ਆਪਣੇ ਬੱਚੇ ਨੂੰ ਕੇਵਲ ਗੈਸਟ ਰੂਮ ਵਿੱਚ ਹੀ ਮਿਲ ਸਕਦੇ ਹਨ । ਵਿਦਿਆਰਥਣ ਦੇ ਕਮਰੇ ਵਿੱਚ ਜਾਣ ਦੀ ਆਗਿਆ ਨਹੀਂ ਹੈ ।

12. ਹੋਸਟਲ ਦੀਆਂ ਲੜਕੀਆਂ ਛੁੱਟੀਆਂ ਤੋਂ ਬਾਅਦ ਕਾਲਜ ਖੁੱਲ੍ਹਣ ਤੋਂ ਇੱਕ ਦਿਨ ਪਹਿਲਾਂ ਹੋਸਟਲ ਵਿੱਚ ਆ ਜਾਣੀਆਂ ਚਾਹੀਦੀਆਂ ਹਨ । ਜੇ ਕੋਈ ਲੜਕੀ ਹੋਸਟਲ ਵਿੱਚ ਬਿਨ੍ਹਾਂ ਆਗਿਆ ਤੋਂ ਗੈਰ ਹਾਜ਼ਰ ਹੋਈ ਤਾਂ ਉਹ ਹੋਸਟਲ ਵਿੱਚ ਰਹਿਣ ਦੀ ਹੱਕਦਾਰ ਨਹੀਂ ਹੋਵੇਗੀ ।

13. ਸਾਰੀਆਂ ਲੜਕੀਆਂ ਹਾਜ਼ਰੀ ਦੇ ਮਿੱਥੇ ਸਮੇਂ ਵੇਲੇ ਹੋਸਟਲ ਵਿੱਚ ਰਹਿਣਗੀਆਂ ਅਤੇ ਹਾਜ਼ਰੀ ਪਿੱਛੋਂ ਕਿਸੇ ਨੂੰ ਬਾਹਰ ਜਾਣ ਦੀ ਇਜ਼ਾਜ਼ਤ ਨਹੀਂ ਹੋਵੇਗੀ।

14. ਹਰ ਰੂਮ ਦੇ ਬੱਚੇ ਨੂੰ ਮੰਜੇ, ਕੁਰਸੀਆਂ ਅਤੇ ਮੇਜ਼ ਇਸ਼ੂ ਕਰ ਦਿੱਤੇ ਜਾਣਗੇ । ਜੇਕਰ ਕਿਸੇ ਵੀ ਵਿਦਿਆਰਥੀ ਦਾ ਫਰਨੀਚਰ Lawn ਵਿੱਚ ਜਾਂ ਕਮਰੇ ਤੋਂ ਬਾਹਰ ਪਾਇਆ ਗਿਆ ਤਾਂ ਉਸ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ ।

15. ਪਤੇ/ਫੋਨ ਨੰਬਰ ਵਿੱਚ ਕਿਸੇ ਵੀ ਤਬਦੀਲੀ ਦੀ ਸੂਰਤ ਵਿੱਚ ਤੁਰੰਤ ਕਾਲਜ ਦਫਤਰ ਅਤੇ ਲੀਵ ਬੁੱਕ ਤੇ ਮਾਤਾ-ਪਿਤਾ ਖੁਦ ਆ ਕੇ ਬਦਲਕੇ ਜਾਣਗੇ ਤਾਂ ਜੋ ਲੋੜ ਪੈਣ ਤੇ ਆਪ ਜੀ ਨੂੰ ਹਰ ਸੂਚਨਾ ਦਿੱਤੀ ਜਾ ਸਕੇ ।

16. ਜੇਕਰ ਕੋਈ ਲੜਕੀ ਕਿਸੇ ਹੋਰ ਵਿਦਿਆਰਥੀ ਦੇ, ਮਾਤਾ-ਪਿਤਾ ਜਾਂ ਹੋਸਟਲ ਟਿਊਟਰ ਦੇ ਜਾਅਲੀ ਹਸਤਾਖ਼ਰ ਕਰਦੀ ਹੈ ਤਾਂ ਉਸਨੂੰ ਹੋਸਟਲ ਤੋਂ ਕੱਢ ਦਿੱਤਾ ਜਾਵੇਗਾ ।

17. ਕਿਸੇ ਵੀ ਲੜਕੀ ਨੂੰ ਰਾਤ 10 ਵਜੇ ਤੋਂ ਬਾਅਦ ਦੂਸਰੀ ਲੜਕੀ ਦੇ ਕਮਰੇ ਵਿੱਚ ਜਾਣ ਦੀ ਇਜ਼ਾਜਤ ਨਹੀਂ ਹੈ ।

18. ਕੋਈ ਵੀ ਨਕਦੀ ਜਾਂ ਕੀਮਤੀ ਗਹਿਣੇ ਹੋਸਟਲ ਵਿੱਚ ਰੱਖਣ ਦੀ ਆਗਿਆ ਨਹੀਂ ਹੈ ।

19. ਮੈੱਸ ਵਿੱਚ ਕੇਵਲ ਸ਼ਾਕਾਹਾਰੀ ਖਾਣਾ ਹੀ ਦਿੱਤਾ ਜਾਵੇਗਾ ।

20. ਲੜਕੀਆਂ ਆਪਣਾ ਖਾਣਾ ਹੋਸਟਲ ਦੀ ਮੈੱਸ ਵਿੱਚ ਹੀ ਖਾਣਗੀਆਂ ਅਤੇ ਮੈੱਸ ਦਾ ਕੋਈ ਵੀ ਬਰਤਨ ਮੈੱਸ ਤੋਂ ਬਾਹਰ ਨਹੀਂ ਲੈ ਕੇ ਜਾਣਗੀਆਂ । ਲੋੜ ਪੈਣ ਤੇ ਲੜਕੀਆਂ ਆਪਣੇ ਹੀ ਬਰਤਨਾਂ ਵਿੱਚ ਖਾਣਾ ਜਾਂ ਚਾਹ ਲਿਜਾ ਸਕਦੀਆਂ ਹਨ । ਮੈੱਸ ਦੇ ਖਾਣੇ ਦਾ ਮੀਨੂ ਹੋਸਟਲ ਸਲਾਹਕਾਰ ਕਮੇਟੀ ਦੁਆਰਾ ਤਿਆਰ ਕੀਤਾ ਜਾਵੇਗਾ ਅਤੇ ਇਸ ਵਿੱਚ ਤਿੰਨ ਵਿਦਿਆਰਥੀ ਨੁਮਾਇੰਦੇ ਹੋਣਗੇ ।

21. ਹੋਸਟਲ/ਮੈੱਸ/ਕਾਲਜ ਵਿੱਚ ਗੈਰ - ਸੱਭਿਆਚਾਰਕ ਪਹਿਰਾਵਾ ਪਹਿਨਣ ਦੀ ਸਖ਼ਤ ਮਨਾਹੀ ਹੈ ।

22. ਹੋਸਟਲ ਮੈੱਸ ਦੇ ਜੋ ਨਿਯਮ ਬਣਾਏ ਜਾਣਗੇ ਉਸਦੇ ਮੁਤਾਬਕ ਲੜਕੀਆਂ ਨੂੰ ਪੇਮੈਂਟ ਕਰਨੀ ਹੋਵੇਗੀ ।

23. ਲੜਕੀਆਂ ਮੈੱਸ ਦੇ ਖਰਚੇ ਸਮੇਂ ਸਿਰ ਦੇਣਗੀਆਂ । 15 ਦਿਨਾਂ ਤੱਕ ਵੀ ਪੇਮੈਂਟ ਨਾ ਕਰਨ ਵਾਲੀ ਲੜਕੀ ਨੂੰ ਮੈੱਸ ਵਿੱਚੋਂ ਖਾਣਾ ਨਹੀਂ ਦਿੱਤਾ ਜਾਵੇਗਾ ।

24. ਲੜਕੀਆਂ ਨੂੰ ਕਿਸੇ ਤਰ੍ਹਾਂ ਦਾ ਬਿਜਲੀ ਦਾ ਸਮਾਨ ਜਿਵੇਂ ਹੀਟਰ, ਪ੍ਰੈਸ, ਰੇਡੀਓ, ਟੇਪ ਰਿਕਾਰਡਰ ਤੇ ਕੈਟਲ ਆਦਿ ਦੀ ਵਰਤੋਂ ਦੀ ਇਜਾਜ਼ਤ ਨਹੀਂ ਹੈ । ਉਲੰਘਣਾ ਕਰਨ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ ।

25. ਟੀ.ਵੀ ਸਿਰਫ ਮਿੱਥੇ ਸਮੇਂ ਤੇ ਹੀ ਚੱਲੇਗਾ। ਟੀ.ਵੀ ਚਲਾਉਣ ਦਾ ਸਮਾਂ ਸ਼ਾਮ 7.00 ਵਜੇ ਤੋਂ 9.00 ਵਜੇ ਤੱਕ ਦਾ ਹੋਵੇਗਾ ਅਤੇ ਇਮਤਿਹਾਨਾਂ ਦੇ ਦਿਨ ਵਿਚ ਇਹ ਟੀ.ਵੀ ਬੰਦ ਰਹੇਗਾ।

26. ਬਿਜਲੀ ਜਾਂ ਪਾਣੀ ਦੀ ਵਿਅਰਥ ਵਰਤੋਂ ਦੀ ਇਜਾਜ਼ਤ ਨਹੀਂ ਹੈ ।

27. ਹੋਸਟਲ ਦੀ ਕਿਸੇ ਚੀਜ਼ ਦਾ ਲੜਕੀ ਵੱਲੋਂ ਕੀਤਾ ਨੁਕਸਾਨ ਸਬੰਧਿਤ ਲੜਕੀ ਨੂੰ ਭਰਨਾ ਪਵੇਗਾ ਅਤੇ ਇਸ ਨੁਕਸਾਨ ਦਾ ਹਰਜਾਨਾ ਵੀ ਲੜਕੀ ਦੁਆਰਾ ਦਿੱਤਾ ਜਾਵੇਗਾ ।

28. ਹੋਸਟਲ ਵਿੱਚ ਨਸ਼ੀਲੀਆਂ ਦਵਾਈਆਂ/ਵਸਤੂਆਂ ਤੇ ਹਥਿਆਰ ਰੱਖਣ ਦੀ ਪੂਰੀ ਮਨਾਹੀ ਹੈ । ਅਜਿਹਾ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ ਅਤੇ ਉਸ ਦੇ ਅਨੈਤਿਕ ਆਚਰਣ ਦਾ ਕੇਸ ਪੁਲਿਸ ਨੂੰ ਸੌਂਪ ਦਿੱਤਾ ਜਾਵੇਗਾ ।

29. ਕਿਸੇ ਵੀ ਲੜਕੀ ਨੂੰ ਹੋਸਟਲ ਤੋਂ ਕਿਸੇ ਵੀ ਹੋਸਟਲਰ ਜਾਂ ਸਹਿਪਾਠੀ ਜਾਂ ਕਿਸੇ ਹੋਰ ਰਿਸ਼ਤੇਦਾਰ ਦੇ ਘਰ ਜਾਣ ਦੀ ਆਗਿਆ ਨਹੀਂ ਹੋਵੇਗੀ ।

30. ਹੋਸਟਲ ਵਿੱਚ ਸਕੂਟਰ/ਮੋਪਿਡ/ਸਾਈਕਲ ਰੱਖਣ ਦਾ ਕਿਸੇ ਤਰ੍ਹਾਂ ਦਾ ਕੋਈ ਪ੍ਰਬੰਧ ਨਹੀਂ ਹੈ ।

31. ਹੋਸਟਲਰ ਨੂੰ ਟਿਊਸ਼ਨ ਪੜ੍ਹਨ ਲਈ ਕਾਲਜ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਹੈ ।

32. ਕਾਲਜ ਵਿੱਚ ਰਹਿਣ ਵਾਲੀਆਂ ਲੜਕੀਆਂ ਦੇ ਪੱਤਰ, ਪੈਕੱਟ, ਮਨੀਆਰਡਰ ਆਦਿ ਹੋਸਟਲ ਸੁਪਰਡੈਂਟ ਦੁਆਰਾ ਭੇਜੇ ਜਾਣਗੇ ਅਤੇ ਇਹ ਉਹਨਾਂ ਨੂੰ ਖੋਲ੍ਹ ਸਕਦੇ ਹਨ । ਮਾਪਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਲੜਕੀਆਂ ਨੂੰ ਸਿੱਧੇ ਤੌਰ ਤੇ ਰਜਿਸਟਰਡ ਚਿੱਠੀਆਂ ਜਾਂ ਪਾਰਸਲ ਨਾ ਭੇਜਣ ।

33. ਜਿਹੜੀ ਵਿਦਿਆਰਥਣ ਹੋਸਟਲ ਛੱਡਣਾ ਚਾਹੁੰਦੀ ਹੈ, ਉਸਨੂੰ ਨਿਰਧਾਰਤ ਫਾਰਮ ਤੇ ਮਾਪਿਆਂ/ਸਰਪ੍ਰਸਤ, ਟਿਊਟਰ ਅਤੇ ਹੋਸਟਲ ਵਾਰਡਨ/ਸੁਪਰਡੈਂਟ ਦੀ ਆਗਿਆ ਨਾਲ ਬਿਨੈ-ਪੱਤਰ ਦੇਣਾ ਹੋਵੇਗਾ ।

**34. ਹੋਸਟਲ ਵਿਚ ਨਵੇਂ ਆਉਣ ਵਾਲੇ ਵਿਦਿਆਰਥੀਆਂ ਦੀ ਰੈਗਿੰਗ ਕਰਨ ਤੇ ਸਖਤ ਪਾਬੰਦੀ ਹੈ। ਜੇਕਰ ਕੋਈ ਵਿਦਿਆਰਥੀ ਅਜਿਹਾ ਕਰਦਾ ਪਾਇਆ ਗਿਆ ਤਾਂ ਉਸ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।**

## ਆਨ-ਲਾਈਨ ਦਾਖ਼ਲੇ ਲਈ ਜ਼ਰੂਰੀ ਹਦਾਇਤਾਂ

**1. ਰਜਿਸਟ੍ਰੇਸ਼ਨ / ਆਨਲਾਈਨ ਦਾਖਲਾ ਫਾਰਮ ਭਰਨ ਸਮੇਂ ਵਿਦਿਆਰਥੀ ਆਪਣਾ ਮੋਬਾਇਲ ਨੰਬਰ ਅਤੇ ਆਪਣੀ ਖੁਦ ਦੀ ਈ-ਮੇਲ ਹੀ ਦਾਖਲਾ ਫਾਰਮ ਵਿੱਚ ਭਰਨ ਤਾਂ ਕਿ ਹਰ ਸੂਚਨਾ ਸਮੇਂ ਸਿਰ ਪ੍ਰਾਪਤ ਕੀਤੀ ਜਾ ਸਕੇ । ਅਜਿਹਾ ਨਾ ਕਰਨ ਦੀ ਸੂਰਤ ਵਿੱਚ ਭਵਿੱਖ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਅਤੇ ਨੁਕਸਾਨ ਦਾ ਉਹ ਖੁਦ ਜਿੰਮੇਵਾਰ ਹੋਵੇਗਾ। ਬੀ.ਐਸ.ਸੀ. ਭਾਗ -1 ਮੈਡੀਕਲ ਅਤੇ ਨਾਨ-ਮੈਡੀਕਲ, ਐਮ.ਐਸ.ਸੀ. ਭਾਗ- 1 ਬਾਟਨੀ ਅਤੇ ਕਮਿਸਟਰੀ ਦੇ ਦਾਖ਼ਲੇ ਲਈ ਆਨਲਾਈਨ ਬਿਨੈ ਪੱਤਰ ਭਰੇ ਜਾਣੇ ਹਨ । ਚਾਹਵਾਨ ਵਿਦਿਆਰਥੀ ਜੋ ਦਾਖ਼ਲੇ ਲਈ ਸ਼ਰਤਾਂ ਪੂਰੀਆਂ ਕਰਦੇ ਹੋਣ, ਉਹ ਆਪਣਾ ਆਨ-ਲਾਈਨ ਬਿਨੈ-ਪੱਤਰ ਹੇਠ ਲਿਖੀ ਵੈਬ ਸਾਈਟ ਤੇ ਜਾ ਕੇ ਭਰ ਸਕਦੇ ਹਨ ।**

2. ਪੰਜਾਬ ਸਰਕਾਰ ਦੀ ਵੈਬਸਾਈਟ https://admission.punjab.gov.in/ ਤੇ ਲਾਗ ਇਨ ਕਰਕੇ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ ।

3. ਦਾਖ਼ਲੇ ਲਈ ਆਨ-ਲਾਈਨ ਅਪਲਾਈ ਕਰਨ ਤੋਂ ਪਹਿਲਾਂ ਉਪਰੋਕਤ ਵੈਬਸਾਈਟ ਤੇ ਰਜਿਸਟ੍ਰੇਸ਼ਨ ਕਰਵਾਉਣਾ ਜਰੂਰੀ ਹੈ । ਰਜਿਸਟ੍ਰੇਸ਼ਨ ਕਰਨ ਤੋਂ ਬਾਅਦ ਮੋਬਾਇਲ ਤੇ SMS ਰਾਹੀਂ Login.Id ਅਤੇ Password ਆਵੇਗਾ । ਭੇਜੀ ਗਈ Login.Id ਤੇ Password ਭਰਨ ਉਪਰੰਤ ਹੀ ਵਿਦਿਆਰਥੀ ਦਾਖ਼ਲੇ ਲਈ ਆਨ-ਲਾਈਨ ਅਪਲਾਈ ਕਰ ਸਕੇਗਾ ।

4. ਦਾਖ਼ਲੇ ਲਈ ਆਨ-ਲਾਈਨ ਬਿਨੈ ਪੱਤਰ ਭਰਨ ਸਮੇਂ ਆਉਂਦੀ ਕਿਸੇ ਵੀ ਮੁਸ਼ਕਿਲ ਲਈ ਇਹਨਾਂ ਫੋਨ ਨੰਬਰਾਂ 88725-91337, 94177-48403, 85689-52041, 98786-78436 ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਇਸ ਸਬੰਧੀ ਕਾਲਜ ਨੂੰ email : gcsciencejagraon@gmail.com ਵੀ ਕੀਤੀ ਜਾ ਸਕਦੀ ਹੈ।

5. ਕਿਸੇ ਵੀ ਪ੍ਰਕਾਰ ਦੀ ਸੋਧ ਉਮੀਦਵਾਰ ਵੱਲੋਂ **ਨਿਰਧਾਰਿਤ** ਮਿਤੀ ਨੂੰ ਆਨ ਲਾਈਨ ਕੀਤੀ ਜਾ ਸਕਦੀ ਹੈ।

6. ਬੀ.ਐਸ.ਸੀ. ਭਾਗ ਦੂਜਾ, ਤੀਜਾ ਅਤੇ ਐਮ.ਐਸ.ਸੀ. ਭਾਗ ਦੂਜਾ ਦੇ ਵਿਦਿਆਰਥੀ (www.gscjgn.org) ਆਨ-ਲਾਈਨ ਅਪਲਾਈ ਕਰਨ ਉਪਰੰਤ Print Out ਲੈ ਕੇ ਕੌਂਸਲਿੰਗ ਵਾਲੇ ਦਿਨ ਸਾਰੇ ਦਸਤਾਵੇਜ਼ ਲੈ ਕੇ ਕਾਲਜ ਆਉਣਗੇ ਅਤੇ ਦਾਖ਼ਲਾ ਕਮੇਟੀ ਤੋਂ ਦਸਤਾਵੇਜ ਵੈਰੀਫਾਈ ਕਰਨ ਉਪਰੰਤ ਆਪਣੀ ਸੀਟ ਬੁੱਕ ਕਰਾਉਣਗੇ।

7. Online ਫਾਰਮ ਭਰਨ ਦਾ ਮਤਲਬ ਇਹ ਨਾ ਸਮਝਿਆ ਜਾਵੇ ਕਿ ਉਸਦਾ ਦਾਖ਼ਲਾ ਹੋ ਗਿਆ ਹੈ । ਦਾਖ਼ਲਾ ਕੇਵਲ ਤੇ ਕੇਵਲ ਮੈਰਿਟ ਦੇ ਅਧਾਰ ਤੇ ਇੰਟਰਵਿਊ ਵਾਲੇ ਦਿਨ ਹੀ ਨਿਰਧਾਰਿਤ ਹੋਵੇਗਾ ।

8. ਜੋ ਵਿਦਿਆਰਥੀ ਜਿਸ ਕੈਟਾਗਰੀ ਅਧੀਨ ਅਪਲਾਈ ਕਰੇਗਾ, ਉਹ ਲੋੜੀਂਦੇ ਦਸਤਾਵੇਜ ਨਾਲ ਲਗਾਵੇਗਾ। ਦਾਖ਼ਲਾ ਫਾਰਮ ਸਿਰਫ ਆਨਲਾਈਨ ਹੀ ਭਰਿਆ ਜਾ ਸਕਦਾ ਹੈ ਅਤੇ ਕਿਸੇ ਵੀ ਹੋਰ ਤਰੀਕੇ ਨਾਲ ਭਰਿਆ ਫਾਰਮ ਪ੍ਰਵਾਨ ਨਹੀਂ ਕੀਤਾ ਜਾਵੇਗਾ ।

9. ਇੱਕ **ਤੋਂ** ਵੱਧ ਕੈਟਾਗਰੀ ਅਧੀਨ ਦਾਖ਼ਲੇ ਲਈ ਅਪਲਾਈ ਕਰਨ ਲਈ ਵੱਖੋ-ਵੱਖ ਫਾਰਮ ਭਰਨੇ **ਲਾਜ਼ਮੀ ਹੋਣਗੇ** ।

10. ਜੇ ਦਾਖ਼ਲਾ ਫਾਰਮ ਵਿੱਚ ਭਰੀ ਸੂਚਨਾ ਅਸਲ **ਦਸਤਾਵੇਜਾਂ** ਨਾਲ ਮੇਲ ਨਹੀਂ ਕਰਦੀ ਤਾਂ ਉਸ ਦਾ ਫਾਰਮ ਰੱਦ ਸਮਝਿਆ ਜਾਵੇਗਾ ।

**ਨੋਟ : - ਜੇ ਵਿਦਿਆਰਥੀ ਨਿਰਧਾਰਤ ਮਿਤੀ ਤੇ ਇੰਟਰਵਿਊ ਤੇ ਨਹੀਂ ਪਹੁੰਚਦਾ, ਉਹ ਦਾਖ਼ਲੇ ਦਾ ਹੱਕਦਾਰ ਨਹੀਂ ਹੋਵੇਗਾ, ਭਾਵੇਂ ਉਹ ਮੈਰਿਟ ਵਿੱਚ ਹੀ ਕਿਉਂ ਨਾ ਹੋਵੇ ।**

## ਦਾਖ਼ਲੇ ਸਬੰਧੀ ਲੋੜੀਂਦੇ ਪ੍ਰਮਾਣ ਪੱਤਰ

ਦਾਖ਼ਲੇ ਲਈ ਇੰਟਰਵਿਊ ਤੇ ਆਉਣ ਸਮੇਂ ਸਾਰੇ ਹੀ ਅਸਲੀ ਸਰਟੀਫਿਕੇਟ ਅਤੇ ਇਨ੍ਹਾਂ ਦੀਆਂ ਤਸਦੀਕਸ਼ੁਦਾ ਫੋਟੋ ਕਾਪੀਆਂ ਨਾਲ ਹੋਣੀਆਂ ਜ਼ਰੂਰੀ ਹਨ। [B.Sc.I,II,III, M.Sc. I (Chem. & Botany)ਦੇ ਦਾਖ਼ਲੇ ਲਈ ਆਨ-ਲਾਈਨ ਬਿਨੈ-ਪੱਤਰ ਦਾ ਪ੍ਰਿੰਟ ਆਊਟ ਅਤੇ ਹੇਠ ਲਿਖੇ ਦਸਤਾਵੇਜ਼ ਦੀਆਂ ਤਸਦੀਕਸ਼ੁਦਾ ਕਾਪੀਆਂ ਲਾਉਣੀਆਂ **ਅਤਿ** ਜ਼ਰੂਰੀ ਹਨ :-

1. ਜਨਮ ਮਿਤੀ ਦਾ ਸਰਟੀਫਿਕੇਟ/ ਮੈਟ੍ਰਿਕ ਦਾ ਸਰਟੀਫਿਕੇਟ ।
2. ਪਾਸ ਕੀਤੇ ਹੇਠਲੀ ਜਮਾਤ ਦੇ ਨਤੀਜੇ ਕਾਰਡ ।
3. ਮਾਈਗ੍ਰੇਸ਼ਨ/ਪਾਤਰਤਾ ਸਰਟੀਫਿਕੇਟ (Migration / Eligibility Certificate) ।
4. ਪਿਛਲੀ ਸੰਸਥਾ ਦੇ ਮੁਖੀ ਵੱਲੋਂ ਦਿੱਤੇ ਗਏ ਆਚਰਨ ਸਬੰਧੀ ਸਰਟੀਫਿਕੇਟ (Character Certificate) ।
5. ਰਾਖਵੀਂ ਸੀਟ ਤੇ ਦਾਖ਼ਲੇ ਦੇ ਕਲੇਮ ਸਬੰਧੀ ਲੋੜੀਂਦੇ ਸਰਟੀਫਿਕੇਟ ।
6. Blood Group ਰਿਪੋਰਟ ਅਤੇ ਡਾਕਟਰ ਵੱਲੋਂ ਮੈਡੀਕਲ ਫਿੱਟਨੈਸ ਸਰਟੀਫਿਕੇਟ ।
7. ਐਮ.ਐਸ.ਸੀ. ਦੋ ਸਾਲਾ ਕੋਰਸ ਪਹਿਲਾ ਸਮੈੱਸਟਰ (ਬਾਟਨੀ ਅਤੇ **ਕਮਿਸਟਰੀ**) ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਐਂਟਰੈਂਸ ਟੈਸਟ (Entrance Test)) ਅਤੇ ਬੀ.ਐਸ.ਸੀ. ਭਾਗ ਪਹਿਲਾ, ਦੂਜਾ ਅਤੇ ਤੀਜਾ ਦੇ ਨੰਬਰ ਕਾਰਡ ਲੈ ਕੇ ਆਉਣ ।
8. ਪਾਸਪੋਰਟ ਸਾਈਜ਼ ਦੀਆਂ ਤਿੰਨ ਫੋਟੋ : ਇੱਕ ਆਨ-ਲਾਈਨ ਫਾਰਮ ਤੇ ਚਿਪਕਾਓ ਅਤੇ ਦੋ ਫਾਰਮ ਨਾਲ ਨੱਥੀ ਕਰੋ। ਮਾਤਾ ਅਤੇ ਪਿਤਾ ਦੀ ਫੋਟੋ ਵੀ ਆਨਲਾਈਨ ਫਾਰਮ ਉੱਤੇ ਜ਼ਰੂਰੀ ਚਿਪਕਾਈ ਜਾਵੇ ।
9. ਐਨ.ਸੀ.ਸੀ./ਐਨ.ਐਸ.ਐਸ./ਬਾਟਨੀ ਜਾਂ ਕਮਿਸਟਰੀ ਵਿਸ਼ੇ ਵਿੱਚ ਆਨਰਜ਼/ਜਾਂ ਕੋਈ ਹੋਰ Extra curricular activities (Adult Education, Participation in Youth Festival, Hiking Trekking, Mountaineering, Youth Leadership Training Camp etc.)|
10. ਆਮਦਨ ਸਰਟੀਫਿਕੇਟ **ਤਹਿਸੀਲਦਾਰ ਤੋਂ ਤਸਦੀਕਸ਼ੁਦਾ** (ਪੱਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ) ।
11. ਆਧਾਰ ਕਾਰਡ ਦੀ ਕਾਪੀ ।
12. ਗੈਪ ਸਾਲ (Gap Year) ਵਾਲੇ ਵਿਦਿਆਰਥੀਆਂ ਵੱਲੋਂ Affidavit ਪੱਤਰ ਦੀਆਂ ਦੋ ਕਾਪੀਆਂ, ਜਿਨ੍ਹਾਂ ਤੇ ਲਾਗੂ ਹੋਵੇ ।

**ਜ਼ਰੂਰੀ ਨੋਟ : ਉਪਰੋਕਤ ਸਾਰੇ ਦਸਤਾਵੇਜ ਆਨ-ਲਾਈਨ ਫਾਰਮ ਜਮ੍ਹਾਂ ਕਰਵਾਉਣ ਸਮੇਂ ਨਾਲ ਲੱਗੇ ਹੋਣੇ ਜ਼ਰੂਰੀ ਹਨ ।**

## ਕਲਾਸਾਂ ਵਿੱਚ ਦਾਖ਼ਲੇ ਲਈ ਉਪਲਬਧ ਸੀਟਾਂ

| ਕਲਾਸ | ਕੁੱਲ ਸੀਟਾਂ |
|---|---|
| ਬੀ.ਐਸ.ਸੀ. (ਮੈਡੀਕਲ) | 80 |
| ਬੀ.ਐਸ.ਸੀ. (ਨਾਨ-ਮੈਡੀਕਲ) | 160 |
| ਐਮ.ਐਸ.ਸੀ. (ਬਾਟਨੀ) | 40 |
| ਐਮ.ਐਸ.ਸੀ. (ਕਮਿਸਟਰੀ) | 40 |

ਨੋਟ- ਬੀ.ਐਸ.ਸੀ ਭਾਗ ਪਹਿਲਾ, ਐਮ.ਐਸ.ਸੀ. ਭਾਗ ਪਹਿਲਾ ਦੇ ਦਾਖਲੇ ਸੰਬੰਧੀ ਤਰੀਕਾਂ ਦਾ ਐਲਾਨ ਕਾਲਜ ਵੈਬਸਾਈਟ ਤੇ ਘੋਸ਼ਿਤ ਕਰ ਦਿੱਤਾ ਜਾਵੇਗਾ ।

| ਵਾਧੂ ਸੀਟਾਂ (Additional Seats) | |
|---|---|
| ਏਡਜ਼, ਕੈਂਸਰ ਜਾਂ ਥੈਲੇਸੀਮੀਆਂ ਦੀ ਬੀਮਾਰੀ ਤੋਂ ਪੀੜ੍ਹਤ ਲੜਕੀ | 1 ਸੀਟ (ਪ੍ਰਤੀ) |
| ਇਕਲੌਤੀ ਧੀ ਜਾਂ ਕੇਵਲ ਦੋ ਧੀਆਂ ਵਿੱਚੋਂ ਇੱਕ | 1 ਸੀਟਾਂ |
| ਕਸ਼ਮੀਰੀ ਜ਼ਿਹਰਤਕਾਰੀ | 1 ਸੀਟ |
| ਬਾਰਡਰ ਏਰੀਆ | 1 ਸੀਟ |
| ਰੂਰਲ ਏਰੀਆ | 2 ਸੀਟਾਂ |
| ਕਾਰਗਿਲ ਦੀ ਜੰਗ ਵਿੱਚ ਹੋਏ ਸ਼ਹੀਦ / ਵਿਕਲਾਂਗ (upto 80%) | 1 ਸੀਟ |
| ਟਰਾਂਸਜੈਂਡਰ | 1 ਸੀਟ |
| ਅਨਾਥ | 1M / 1F |

# ਦਾਖ਼ਲੇ ਸਬੰਧੀ ਜ਼ਰੂਰੀ ਹਦਾਇਤਾਂ ਅਤੇ ਸ਼ਰਤਾਂ

1. **B.Sc. ਭਾਗ –I**

B.Sc.1 ਮੈਡੀਕਲ ਅਤੇ ਨਾਨ - ਮੈਡੀਕਲ ਵਿੱਚ ਦਾਖ਼ਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਨਿਰਧਾਰਤ ਸ਼ਰਤਾਂ ਅਨੁਸਾਰ ਨਿਰੋਲ ਮੈਰਿਟ ਤੇ ਕੀਤਾ ਜਾਵੇਗਾ । ਬੀ.ਐਸ.ਸੀ.-1 ਵਿੱਚ ਉਹ ਵਿਦਿਆਰਥੀ ਦਾਖ਼ਲਾ ਲੈਣ ਯੋਗ ਹਨ ਜਿਨ੍ਹਾਂ ਨੇ 10+2 (ਮੈਡੀਕਲ/ਨਾਨ ਮੈਡੀਕਲ) ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਕਿਸੇ ਹੋਰ ਮਾਨਤਾ ਪ੍ਰਾਪਤ ਬੋਰਡ **ਤੋਂ** ਪ੍ਰਾਪਤ ਕੀਤੀ ਹੋਵੇ । ਵਿਸ਼ੇਸ਼ ਸਥਿਤੀਆਂ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਜਾਰੀ ਪਾਤਰਤਾ ਪ੍ਰਮਾਣ - ਪੱਤਰ (Eligibility Certificate) ਦੀ ਵੀ ਮੰਗ ਕੀਤੀ ਜਾ ਸਕਦੀ ਹੈ ।ਬੀ.ਐਸ.ਸੀ. ਭਾਗ ਪਹਿਲਾ ਵਿੱਚ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਵੱਖ-ਵੱਖ ਵਰਗਾਂ ਵਾਸਤੇ ਸੀਟਾਂ ਰਾਖਵੀਆਂ ਹਨ ।

2. **B.Sc. ਭਾਗ – ਦੂਜਾ ਅਤੇ B.Sc. ਭਾਗ – ਤੀਜਾ**

B.Sc.ਭਾਗ ਦੂਜਾ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਘੋਸ਼ਿਤ **ਨਤੀਜਿਆਂ** (ਸਮੈਸਟਰ 1 ਅਤੇ 2) ਅਤੇ B.Sc. ਭਾਗ ਤੀਜਾ (ਸਮੈਸਟਰ1,2,3 ਅਤੇ 4) ਵਿੱਚੋਂ 50% **ਤੋਂ** ਵੱਧ ਪੇਪਰ / ਵਿਸ਼ੇ ਪਾਸ ਹੋਣੇ ਲਾਜ਼ਮੀ ਹਨ ।

**ਐਮ.ਐਸ.ਸੀ. ਭਾਗ ਪਹਿਲਾ** :- ਐਮ.ਐਸ.ਸੀ. ਬਾਟਨੀ/ਕਮਿਸਟਰੀ (ਦੋ ਸਾਲਾਂ ਕੋਰਸ) ਭਾਗ ਪਹਿਲਾ ਵਿੱਚ ਦਾਖ਼ਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਕਰਵਾਏ Entrance Test **PU-CET (P.G.)**ਅਤੇ B.Sc.ਵਿੱਚੋਂ ਪ੍ਰਾਪਤ ਨੰਬਰਾਂ (ਦੋਵਾਂ ਦੀ Combined ਮੈਰਿਟ) ਦੇ ਆਧਾਰ ਤੇ ਹੋਵੇਗਾ।

**ਐਮ.ਐਸ.ਸੀ. ਭਾਗ ਦੂਜਾ**:- ਐਮ.ਐਸ.ਸੀ. ਬਾਟਨੀ/ਕਮਿਸਟਰੀ ਸਮੈਸਟਰ ਦੂਜਾ ਦੀ ਪ੍ਰੀਖਿਆ ਵਿੱਚ ਬੈਠਣ ਵਾਲੇ ਸਾਰੇ ਉਮੀਦਵਾਰਾਂ ਨੂੰ ਦਾਖ਼ਲ ਕੀਤਾ ਜਾਵੇਗਾ ।

# ਦਾਖ਼ਲੇ ਲਈ ਜ਼ਰੂਰੀ ਨੋਟ

1. ਬੀ.ਐਸ.ਸੀ. ਅਤੇ ਐਮ.ਐਸ.ਸੀ. ਦੀਆਂ ਕਲਾਸਾਂ ਵਿੱਚ ਦਾਖ਼ਲਾ ਨਿਰੋਲ ਮੈਰਿਟ ਤੇ ਹੋਵੇਗਾ । ਦਾਖ਼ਲਾ ਮਿਲ ਜਾਣ ਉਪਰੰਤ ਦਾਖ਼ਲਾ ਫਾਰਮ ਵਿੱਚ ਦਰਜ ਸੂਚਨਾ ਦੇ ਗਲਤ ਸਾਬਿਤ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਦਾ ਦਾਖ਼ਲਾ ਰੱਦ ਕੀਤਾ ਜਾਵੇਗਾ ਅਤੇ ਉਸ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ ।
2. ਦਾਖ਼ਲੇ ਲਈ ਬਿਨੈ ਪੱਤਰ ਹਰ ਪੱਖੋਂ ਮੁਕੰਮਲ ਹੋਣਾ ਚਾਹੀਦਾ ਹੈ। ਤਸਦੀਕ ਸ਼ੁਦਾ ਫੋਟੋ ਕਾਪੀਆਂ ਲੱਗੀਆਂ ਹੋਣੀਆਂ ਚਾਹੀਦੀਆਂ ਹਨ । ਅਧੂਰੇ ਦਾਖ਼ਲਾ ਫਾਰਮ ਸਵੀਕਾਰ ਨਹੀਂ ਕੀਤੇ ਜਾਣਗੇ । ਅਜਿਹੀ ਸੂਰਤ ਵਿੱਚ ਬਿਨੈਕਾਰ ਖੁਦ ਜ਼ਿੰਮੇਵਾਰ ਹੋਵੇਗਾ ।
3. ਹਰੇਕ ਕਲਾਸ ਵਿੱਚ ਦਾਖ਼ਲਾ ਲੈਣ ਲਈ ਵਿਦਿਆਰਥੀ ਐਲਿਜੀਬਿਲਟੀ(**ਯੋਗਤਾ**) ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਣਾ ਚਾਹੀਦਾ ਹੈ ।
4. ਅਨੁਸ਼ਾਸਨਹੀਣਤਾ ਦੇ ਕਿਸੇ ਕੇਸ ਵਿੱਚ ਉਲਝੇ ਹੋਣ ਵਾਲੇ ਵਿਦਿਆਰਥੀ ਨੂੰ ਦਾਖ਼ਲ ਕਰਨ **ਤੋਂ** ਇਨਕਾਰ ਕੀਤਾ ਜਾ ਸਕਦਾ ਹੈ ।
5. ਕਲਾਸ ਵਿੱਚ ਦਾਖ਼ਲਾ ਮਿਲ ਜਾਣ ਨਾਲ ਕੋਈ ਜ਼ਰੂਰੀ ਨਹੀਂ ਕਿ ਹੋਸਟਲ ਵਿੱਚ ਵੀ ਦਾਖ਼ਲਾ ਮਿਲੇ । ਹੋਸਟਲ ਵਿੱਚ ਦਾਖ਼ਲਾ ਹੋਸਟਲ ਦੇ ਨਿਯਮਾਂ ਅਤੇ ਸੀਟਾਂ ਅਨੁਸਾਰ ਹੀ ਮਿਲੇਗਾ ।
6. ਜਿਹੜਾ ਵਿਸ਼ਾ ਇਸ ਕਾਲਜ ਵਿੱਚ ਨਹੀਂ ਹੈ, ਉਸਦੀ ਪੜ੍ਹਾਈ ਲਈ ਕਾਲਜ ਜ਼ਿੰਮੇਵਾਰ ਨਹੀਂ ਹੈ ਅਤੇ ਨਾ ਹੀ ਉਸ ਵਿਸ਼ੇ ਵਿੱਚ ਦਾਖ਼ਲਾ ਮਿਲੇਗਾ ।
7. ਵੱਖ-ਵੱਖ ਰਾਖਵੀਆਂ ਸ਼੍ਰੇਣੀਆਂ ਦੇ ਦਾਖ਼ਲੇ ਵਿੱਚ ਲਾਭ ਉਠਾਉਣ ਲਈ ਯੋਗ ਪ੍ਰਫਾਰਮੇ ਤੇ ਯੋਗ ਅਥਾਰਟੀ **ਤੋਂ** ਜਾਰੀ ਸਰਟੀਫਿਕੇਟ ਪੇਸ਼ ਕਰਨਾ ਪਵੇਗਾ । ਅਜਿਹਾ ਨਾ ਕਰਨ ਤੇ ਰਾਖਵੀਂ ਸ਼੍ਰੇਣੀ ਦਾ ਲਾਭ ਨਹੀਂ ਮਿਲੇਗਾ ਅਤੇ ਜਨਰਲ ਕੈਟਾਗਰੀ ਵਿੱਚ ਹੀ ਵਿਚਾਰਿਆ ਜਾ ਸਕੇਗਾ ।

**ਨੋਟ :-1. ਪੰਜਾਬ ਯੂਨੀਵਰਸਿਟੀ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਦਾਖ਼ਲੇ ਦੇ ਉਪਰੋਕਤ ਨਿਯਮਾਂ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ ।**
**2. ਦਾਖ਼ਲੇ ਦਾ ਅਧਿਕਾਰ ਡਾਇਰੈਕਟਰ ਸਾਹਿਬਾ ਕੋਲ ਰਾਖਵਾਂ ਹੈ ਅਤੇ ਦਾਖ਼ਲਾ ਅਧਿਕਾਰ ਦੇ ਤੌਰ ਤੇ ਨਹੀਂ ਜਤਾਇਆ ਜਾ ਸਕਦਾ ।**

# ਦਾਖ਼ਲਾ ਇੰਟਰਵਿਊ ਸਬੰਧੀ ਜ਼ਰੂਰੀ ਨਿਯਮ

1. ਇੰਟਰਵਿਊ 9-00 ਵਜੇ ਸਵੇਰੇ ਆਰੰਭ ਹੋਵੇਗੀ ।
2. ਦਾਖ਼ਲਾ ਚਾਹੁਣ ਵਾਲੇ ਉਮੀਦਵਾਰਾਂ ਨੂੰ ਇੰਟਰਵਿਊ ਸਮੇਂ ਮਾਤਾ ਜਾਂ ਪਿਤਾ ਦੇ ਨਾਲ ਹਾਜ਼ਰ ਹੋਣਾ ਜ਼ਰੂਰੀ ਹੈ ।
3. ਦਾਖ਼ਲਾ ਮਿਲਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਫੀਸ ਅਤੇ ਸਲਾਨਾ ਫੰਡ 36 ਘੰਟੇ ਵਿੱਚ ਜਮ੍ਹਾਂ ਕਰਵਾਉਣੇ ਹੋਣਗੇ । ਅਜਿਹਾ ਨਾ ਹੋਣ ਤੇ ਉਸ ਦੀ ਸੀਟ ਰੱਦ ਕਰ ਦਿੱਤੀ ਜਾਵੇਗੀ ਅਤੇ ਉਸ ਦੀ ਥਾਂ ਮੈਰਿਟ ਵਿੱਚ ਅਗਲੇ ਉਮੀਦਵਾਰ ਨੂੰ ਦਾਖ਼ਲ ਕਰ ਲਿਆ ਜਾਵੇਗਾ ।

4. ਉਡੀਕ ਸੂਚੀ (Waiting List)) ਵਿੱਚ ਨਾਮ ਸ਼ਾਮਲ ਹੋਣਾ ਦਾਖ਼ਲੇ ਦੀ ਗਰੰਟੀ ਨਹੀਂ ਹੈ ।

5. ਦਾਖ਼ਲਾ ਇੰਟਰਵਿਊ ਸੰਬੰਧੀ ਕੋਈ ਵੀ ਸੂਚਨਾ ਕੇਵਲ **ਕਾਲਜ ਨੋਟਿਸ ਬੋਰਡ ਜਾਂ ਵੈਬਸਾਈਟ** ਉਪਰ ਹੀ ਉਪਲੱਬਧ ਹੋਵੇਗੀ । ਇਸ ਸੰਬੰਧ ਵਿੱਚ ਅਖ਼ਬਾਰ / ਡਾਕ / ਟੈਲੀਫ਼ੋਨ ਰਾਹੀਂ ਕੋਈ ਸੂਚਨਾ ਨਹੀਂ ਦਿੱਤੀ ਜਾਂਦੀ ।

# ਫੀਸਾਂ/ਫੰਡਾਂ ਦਾ ਵੇਰਵਾ (ਪ੍ਰਤੀ) ਸਾਲ)

**ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਪੰਜਾਬ ਚੰਡੀਗੜ੍ਹ ਦੇ ਅਨੁਸਾਰ ਸਾਲ 2025-26 ਲਈ ਫੀਸਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-**

| ਕਲਾਸ | ਕੁੱਲ ਫੀਸ (ਲਗਭਗ) |
|---|---|
| ਬੀ.ਐਸ.ਸੀ. (ਮੈਡੀਕਲ) ਭਾਗ ਪਹਿਲਾ | 13500/- |
| ਬੀ.ਐਸ.ਸੀ. (ਨਾਨ-ਮੈਡੀਕਲ) ਭਾਗ ਪਹਿਲਾ | 13500/- |
| ਬੀ.ਐਸ.ਸੀ. (ਮੈਡੀਕਲ) ਭਾਗ ਦੂਜਾ | 13000/- |
| ਬੀ.ਐਸ.ਸੀ. (ਨਾਨ-ਮੈਡੀਕਲ) ਭਾਗ ਦੂਜਾ | 13000/- |
| ਬੀ.ਐਸ.ਸੀ. (ਮੈਡੀਕਲ) ਭਾਗ ਤੀਜਾ | 13000/- |
| ਬੀ.ਐਸ.ਸੀ. (ਨਾਨ-ਮੈਡੀਕਲ) ਭਾਗ ਤੀਜਾ | 13000/- |
| ਐਮ.ਐਸ.ਸੀ. (ਬਾਟਨੀ/ਕਮਿਸਟਰੀ) ਭਾਗ ਪਹਿਲਾ | 13500/- |
| ਐਮ.ਐਸ.ਸੀ. (ਬਾਟਨੀ/ਕਮਿਸਟਰੀ) ਭਾਗ ਦੂਜਾ | 13500/- |

**ਨੋਟ : ਅਗਲੇ ਸਮੈਸਟਰ ਦੀ ਯੂਨਿਵਰਸਿਟੀ ਦੀ ਪ੍ਰੀਖਿਆ ਫੀਸ ਜਨਵਰੀ ਮਹੀਨੇ ਵਿੱਚ ਲਈ ਜਾਵੇਗੀ ।**

**ਨੋਟ :**

1. **ਸਾਲ 2025-26 ਦੇ ਫੰਡ ਅਤੇ ਫੀਸਾਂ ਪੰਜਾਬ ਯੂਨੀਵਰਸਿਟੀ ਵੱਲੋਂ ਨਵੀਆਂ ਹਦਾਇਤਾਂ ਪ੍ਰਾਪਤ ਹੋਣ ਤੇ ਦਾਖ਼ਲੇ ਮੌਕੇ ਹੀ ਦੱਸੀਆਂ ਜਾਣਗੀਆਂ ਅਤੇ ਜੇਕਰ ਸਰਕਾਰ ਜਾਂ ਯੂਨੀਵਰਸਿਟੀ ਵੱਲੋਂ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਬਣਦੀ ਰਕਮ ਵਸੂਲ ਕੀਤੀ ਜਾਵੇਗੀ ਜਾਂ ਵਾਪਸ ਕੀਤੀ ਜਾਵੇਗੀ ।**

**ਪੰਜਾਬ ਯੂਨੀਵਰਸਿਟੀ / UGC ਦੁਆਰਾ ਘੋਸ਼ਿਤ ਕੀਤੀ ਗਈ ਮਿਤੀ ਤੋ ਬਾਅਦ ਕਾਲਜ ਛੱਡਣ ਦੀ ਸੂਰਤ ਵਿੱਚ ਕਿਸੇ ਵੀ ਕਿਸਮ ਦੀ ਫੀਸ ਵਾਪਸੀ ਨਹੀਂ ਹੋਵੇਗੀ।**

**ii (ਅ) ਫੀਸ ਮੁਆਫੀ :**

1. ਜੇਕਰ ਕਿਸੇ ਵਿਦਿਆਰਥੀ ਦਾ ਵੱਡਾ ਭਰਾ ਜਾਂ ਭੈਣ ਇਸ ਕਾਲਜ ਵਿੱਚ ਪੜ੍ਹਦਾ/ਪੜ੍ਹਦੀ ਹੋਵੇ ਤਾਂ ਉਸ ਦਾ ਅੱਧਾ ਪੀ.ਟੀ.ਏ ਫੰਡ ਮੁਆਫ ਹੋ ਸਕਦਾ ਹੈ ।
2. ਉਪਰੋਕਤ ਫੀਸ ਮੁਆਫੀ ਸਬੰਧੀ ਕਾਰਵਾਈ ਵਿਭਾਗ ਵੱਲੋਂ ਆਏ ਨਵੇਂ ਨਿਰਦੇਸ਼ਾਂ ਅਨੁਸਾਰ ਹੀ ਕੀਤੀ ਜਾਵੇਗੀ ।

# ਸੀਟਾਂ ਦਾ ਰਾਖਵਾਂਕਰਨ

**ਰਾਖਵੀਆਂ ਸੀਟਾਂ**

ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਰਾਖਵੀਆਂ ਸੀਟਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ : **(ਸਰਕਾਰ ਵੱਲੋਂ ਨਵੀਆਂ ਹਦਾਇਤਾਂ ਜਾਰੀ ਹੋਣ ਤੇ ਬਦਲਿਆ ਜਾ ਸਕਦਾ ਹੈ)**

| Category | Percentage | | |
|---|---|---|---|
| General | 52 | General | 52 |
| SC | 20 | SC | 20 |
| BC | 08 | BC | 08 |
| Ex-Serviceman/Ex-Serviceman(Dependent) | 13 | Ex-Serviceman/Ex-Serviceman(Dependent) General | 07 |
| | | Ex-Serviceman/Ex-Serviceman(Dependent) SC | 04 |
| | | Ex-Serviceman/Ex-Serviceman(Dependent) BC | 02 |
| Freedom Fighters | 1 | Freedom Fighters General | 01 |
| PWD | 3 | PWD | 03 |
| Sports | 3 | Sports General | 02 |
| | | Sports SC | 01 |
| Total | 100 | | 100 |

| ਕਲਾਸ | ਕਮੇਟੀ ਲਈ ਰਾਖਵੀਆਂ ਸੀਟਾਂ ਦੀ ਗਿਣਤੀ |
|---|---|
| **ਬੀ.ਐਸ.ਸੀ. ਭਾਗ ਪਹਿਲਾ (ਮੈਡੀਕਲ ਅਤੇ ਨਾਨ ਮੈਡੀਕਲ)** | 1 + 1 |
| **ਬੀ.ਐਸ.ਸੀ. ਭਾਗ ਦੂਜਾ** | 1 |
| **ਬੀ.ਐਸ.ਸੀ. ਭਾਗ ਤੀਜਾ** | 1 |
| **ਐਮ.ਐਸ.ਸੀ. ਭਾਗ ਪਹਿਲਾ (ਬਾਟਨੀ ਜਾਂ ਕਮਿਸਟਰੀ ਲਈ)** | 1 |

## (ii) ਰਾਖਵੀਆਂ ਸੀਟਾਂ ਦੇ ਕਲੇਮ ਲਈ ਜ਼ਰੂਰੀ ਨਿਰਦੇਸ਼

1. ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀ (ਦਾਖਲਾ ਫਾਰਮ ਦੇ ਨਾਲ) ਜਾਤੀ ਸਰਟੀਫਿਕੇਟ ਲਗਾਉਣ।ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀ ਵਜ਼ੀਫੇ ਦਾ ਲਾਭ ਲੈਣ ਲਈ ਜਾਤੀ ਸਰਟੀਫਿਕੇਟ ਦੇ ਨਾਲ-ਨਾਲ ਆਮਦਨ ਦਾ ਸਰਟੀਫਿਕੇਟ (2.5 ਲੱਖ ਤੱਕ) ਵੀ ਨਾਲ ਪੇਸ਼ ਕਰਨ । ਇਹ ਸਰਟੀਫਿਕੇਟ ਇਕ ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ ।
2. ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਦਾਖ਼ਲਾ ਫਾਰਮ ਦੇ ਨਾਲ (Backward Class) ਸਰਟੀਫਿਕੇਟ ਲਗਾਉਣ ।
3. ਖੇਡਾਂ ਦੇ ਖੇਤਰ ਵਿਚ ਰਾਖਵੀਆਂ ਸੀਟਾਂ ਤੇ ਦਾਖ਼ਲੇ ਦੇ ਉਮੀਦਵਾਰ ਨੂੰ ਤਾਂ ਹੀ ਵਿਚਾਰਿਆ ਜਾਵੇਗਾ ਜੇਕਰ ਉਨ੍ਹਾਂ ਕੋਲ ਪੰਜਾਬ ਸਪੋਰਟਸ ਵਿਭਾਗ ਦਾ ਗਰੇਡੇਸ਼ਨ ਸਰਟੀਫਿਕੇਟ ਹੋਵੇਗਾ ।
4. ਬੀ.ਐਸ.ਐਫ./ਆਰਮਡ ਫੋਰਸਜ਼/ਸੀ.ਆਰ.ਪੀ.ਐਫ./ਪੁਲਿਸ ਵਿੱਚ ਕੰਮ ਕਰ ਰਹੇ ਅਤੇ ਸਾਬਕਾ ਅਧਿਕਾਰੀਆਂ/ਕਰਮਚਾਰੀਆਂ ਦੇ ਬੱਚਿਆਂ ਨੂੰ ਆਪਣੇ ਦਾਖ਼ਲਾ ਫਾਰਮ ਨਾਲ ਸਬੰਧਤ ਕਮਾਂਡਿੰਗ ਅਫਸਰ ਦਾ ਸਰਟੀਫਿਕੇਟ ਜਾਂ ਡਿਸਚਾਰਜ਼ ਸਰਟੀਫਿਕੇਟ/ਡੀ.ਐਸ.ਐਸ.ਏ. ਵੱਲੋਂ ਜਾਰੀ ਕੀਤਾ ਉਚਿਤ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ। ਵਿਦਿਆਰਥੀ ਦਾ ਪਰਿਵਾਰਕ ਮੈਂਬਰ ਹੋਣ ਦਾ ਸਬੂਤ ਵੀ ਦੇਣਾ ਜ਼ਰੂਰੀ ਹੈ ।
5. ਸਰੀਰਿਕ ਤੌਰ ਤੇ ਅਪਾਹਿਜਾਂ ਲਈ ਸਿਵਲ-ਸਰਜਨ ਦਾ ਤਸਦੀਕ ਕੀਤਾ ਡਿਸਏਬਿਲਿਟੀ ਸਰਟੀਫਿਕੇਟ ਨਾਲ ਨੱਥੀ ਕਰਨਾ ਜ਼ਰੂਰੀ ਹੈ ।

6. ਅੱਤਵਾਦੀਆਂ ਹੱਥੋਂ/ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ 50% ਨਕਾਰਾ ਹੋਏ ਵਿਅਕਤੀਆਂ/ਸਿੱਖ ਪ੍ਰਵਾਸੀਆਂ/ਅੰਦਰੂਨੀ ਪ੍ਰਵਾਸੀ ਅਤੇ ਬਾਹਰੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਦੇ ਦਾਖ਼ਲਾ ਫਾਰਮ ਨਾਲ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਸ਼ਨਾਖਤੀ ਕਾਰਡ ਦੀ ਤਸਦੀਕਸ਼ੁਦਾ ਫੋਟੋ ਕਾਪੀ ਲਗਾਉਣੀ ਜ਼ਰੂਰੀ ਹੈ । ਬੱਚੇ ਦੇ ਪਰਿਵਾਰਕ ਮੈਂਬਰ ਹੋਣ ਦਾ ਸਬੂਤ ਦੇਣਾ ਲਾਜ਼ਮੀ ਹੋਵੇਗਾ ।

7. ਸਿੰਗਲ ਗਰਲ ਚਾਈਲਡ ਸਬੰਧੀ ਮਾਤਾ-ਪਿਤਾ ਵੱਲੋਂ ਹਲਫੀਆ ਬਿਆਨ Form A ਦੇਣਾ ਹੋਵੇਗਾ ਅਤੇ ਰਾਸ਼ਨ ਕਾਰਡ ਦੀ ਕਾਪੀ ਵੀ ਨਾਲ ਲਗਾਈ ਜਾਵੇ ।

8. ਏਡਜ਼/ਕੈਂਸਰ ਪੀੜਤ ਬਿਨੈਕਾਰ ਨੂੰ ਵੀ ਆਪਣੀ ਬੀਮਾਰੀ ਸਬੰਧੀ ਸਿਵਲ ਸਰਜਨ **ਤੋਂ** ਸਰਟੀਫਿਕੇਟ ਲੈਣਾ ਹੋਵੇਗਾ ।

9. ਰੂਰਲ ਜਾਂ ਬਾਰਡਰ ਏਰੀਆ ਦਾ ਲਾਭ ਲੈਣ ਵਾਲੇ ਵਿਦਿਆਰਥੀਆਂ ਨੇ ਘੱਟੋ ਘੱਟ ਦੋ ਸਾਲ ਰੂਰਲ ਜਾਂ ਬਾਰਡਰ ਏਰੀਆ ਵਿੱਚ ਪੈਂਦੇ ਸਕੂਲ **ਤੋਂ** ਵਿੱਦਿਆ ਪ੍ਰਾਪਤ ਕੀਤੀ ਹੋਵੇ ਅਤੇ ਇਸਦੇ ਸਬੂਤ ਵਜੋਂ ਸੰਸਥਾ ਦੇ ਮੁੱਖੀ ਵੱਲੋਂ ਜਾਰੀ ਸਰਟੀਫਿਕੇਟ (ਅਸਲ) ਪੇਸ਼ ਕੀਤਾ ਜਾਵੇ । ਰੂਰਲ ਏਰੀਆ ਲਈ Form B ਅਤੇ ਬਾਰਡਰ ਏਰੀਆ ਲਈ Form C ਅਤੇ ਜੋ ਕਿ **SDM / ਤਹਿਸੀਲਦਾਰ** ਦੁਆਰਾ ਇਲਾਕੇ ਨੂੰ ਪੱਛੜਿਆ / ਬਾਰਡਰ ਏਰੀਆ ਘੋਸ਼ਿਤ ਕੀਤੇ ਹੋਣ ਦਾ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ ।

10. ਨੋਟ : ਰਾਖਵੀਆਂ ਸੀਟਾਂ ਸੰਬੰਧਿਤ ਵਿਭਾਗ ਵੱਲੋਂ ਸਮੇਂ-ਸਮੇਂ ਤੇ ਆਏ ਨਿਰਦੇਸ਼ਾਂ ਅਨੁਸਾਰ ਹੀ ਭਰੀਆਂ ਜਾਣਗੀਆਂ ।

# <u>ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦਾ ਵੇਰਵਾ</u>

## ਅੰਡਰ ਗ੍ਰੈਜੂਏਟ ਕਲਾਸਾਂ ਦੇ ਵਿਸ਼ੇ ਇਸ ਪ੍ਰਕਾਰ ਹਨ :-

## ਨਵੀਂ ਰਾਸ਼ਟਰੀ ਸਿੱਖਿਆ ਨੀਤੀ 2020 (NEP-2020) ਅਧੀਨ B.Sc. I (Medical ਅਤੇ Non-Medical) ਲਈ ਵਿਸ਼ਿਆਂ ਦੀ ਸੰਰਚਨਾ

B.Sc. I (Medical ਅਤੇ Non-Medical) ਕੋਰਸਾਂ ਨੂੰ ਨਵੀਂ ਰਾਸ਼ਟਰੀ ਸਿੱਖਿਆ ਨੀਤੀ 2020 (NEP-2020) ਦੇ ਤਹਿਤ ਅਪਣਾਇਆ ਗਿਆ ਹੈ। ਇਸ ਨੀਤੀ ਅਧੀਨ ਵਿਦਿਆਰਥੀਆਂ ਦੀ ਵਿਅਕਤੀਗਤ, ਅਕਾਦਮਿਕ ਅਤੇ ਰੋਜ਼ਗਾਰ ਯੋਗਤਾ ਦੇ ਵਿਕਾਸ ਲਈ ਹੇਠ ਲਿਖੇ ਕੋਰਸਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਇਹ ਵਿਸ਼ਿਆਂ ਦੀ ਸੰਰਚਨਾ NEP ਦੇ ਮੁੱਖ ਉਦੇਸ਼ - ਵਿਦਿਆਰਥੀ ਕੇਂਦਰਤ, ਲਚਕੀਲੀ ਅਤੇ ਬਹੁ-ਆਯਾਮੀ ਸਿੱਖਿਆ - ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੀ ਗਈ ਹੈ।

| ਕੋਰਸ ਦੀ ਕਿਸਮ | ਚੋਣ ਸੰਖੇਪ | ਕ੍ਰੈਡਿਟਸ |
|---|---|---|
| Discipline Specific Courses (DSCs) | ਕੁੱਲ 3 ਮੁੱਖ ਵਿਸ਼ੇ (ਹਰੇਕ ਲਈ 4 ਕਰੈਡਿਟਸ) | 12 |
| Multidisciplinary Courses (MDCs) | 1 ਵਿਸ਼ਾ (ਹੇਠਾਂ ਦਿੱਤੀ ਸੂਚੀ ਵਿੱਚੋਂ ਕਿਸੇ ਇੱਕ ਵਿਸ਼ੇ ਦੀ ਚੋਣ) | 3 |
| Skill Enhancement Courses (SECs) | 1 ਵਿਸ਼ਾ (ਹੇਠਾਂ ਦਿੱਤੀ ਸੂਚੀ ਵਿੱਚੋਂ ਕਿਸੇ ਇੱਕ ਵਿਸ਼ੇ ਦੀ ਚੋਣ) | 3 |
| Value Added Courses (VACs) | 1 ਵਿਸ਼ਾ (ਹੇਠਾਂ ਦਿੱਤੀ ਸੂਚੀ ਵਿੱਚੋਂ ਕਿਸੇ ਇੱਕ ਵਿਸ਼ੇ ਦੀ ਚੋਣ) | 2 |
| Ability Enhancement Courses (AECs) | 1 ਵਿਸ਼ਾ | 2 |
| ਪੰਜਾਬੀ (ਲਾਜ਼ਮੀ) | 1 ਵਿਸ਼ਾ, ਸਾਰੇ ਵਿਦਿਆਰਥੀਆਂ ਲਈ ਲਾਜ਼ਮੀ | 2 |
| | | ਕੁੱਲ : 24 |

ਨੋਟ : ਇਹ ਢਾਂਚਾ Semester I ਅਤੇ II ਦੋਹਾਂ ਲਈ ਇਕੋ ਜਿਹਾ ਲਾਗੂ ਹੁੰਦਾ ਹੈ ।

**1. Discipline Specific Courses (DSCs)**

ਇਹ ਉਹ ਮੁੱਖ ਵਿਸ਼ੇ ਹਨ ਜੋ ਵਿਦਿਆਰਥੀ ਆਪਣੀ ਸਟਰੀਮ ਅਨੁਸਾਰ ਚੁਣਦੇ ਹਨ । ਵਿਦਿਆਰਥੀ ਤਿੰਨ ਵਿਸ਼ਿਆਂ ਨੂੰ ਮੂਲ (Major) ਵਿਸ਼ੇ ਵਜੋਂ ਚੁਣਦੇ ਹਨ, ਜੋ ਉਨ੍ਹਾਂ ਦੀ ਵਿੱਦਿਅਕ ਵਿਸ਼ੇਸ਼ਤਾ ਨੂੰ ਦਰਸਾਉਂਦੇ ਹਨ ।

| Stream | DSC Offered Subjects |
|---|---|
| B.Sc.I Medical | Chemistry ਜਾਂ Computer Science and Applications*<br>Botany ਜਾਂ Bio-Chemistry<br>Zoology |
| B.Sc. I Non-Medical | Chemistry ਜਾਂ Computer Science and Applications*<br>Physics<br>Mathematics |

* ਇਹ ਵਿਸ਼ਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਮਨਜ਼ੂਰੀ ਅਧੀਨ ਹੈ ।

**2. Multidisciplinary Courses (MDCs) :**

ਇਹ ਕੋਰਸ ਵਿਦਿਆਰਥੀਆਂ ਨੂੰ ਆਪਣੇ ਮੁੱਖ ਵਿਸ਼ਿਆਂ ਤੋਂ ਇਲਾਵਾ ਹੋਰ ਖੇਤਰਾਂ ਦੀ ਬੁਨਿਆਦੀ ਜਾਣਕਾਰੀ ਪ੍ਰਦਾਨ ਕਰਦੇ ਹਨ । ਵਿਦਿਆਰਥੀ ਹਰੇਕ Semester ਵਿੱਚ ਇੱਕ MDC ਵਿਸ਼ਾ ਚੁਣਦੇ ਹਨ ।

***Semester 1***

| Stream | MDC Offered Subjects (Any one out of below listed subjects) |
|---|---|
| B.Sc. Medical | Basic Mathematics - I<br>Introduction to Family and Community Science<br>Introduction to Information Technology |
| B.Sc. Non-Medical | Introduction to Biochemistry<br>Introduction to Family and Community Science<br>Plants - Importance and Propagation<br>Introduction to Information Technology<br>Health and Hygiene |

***Semester 2***

| Stream | MDC Offered Subjects (Any one out of below listed subjects) |
|---|---|
| B.Sc. Medical | Sustainability in everyday life<br>Basic Mathematics - II<br>Web Development / Designing |
| B.Sc. Non-Medical | Sustainability in everyday life<br>Web Development / Designing<br>Understanding Human Body |

### 3. Skill Enhancement Courses (SECs)

ਇਹ ਕੋਰਸ ਵਿਦਿਆਰਥੀਆਂ ਵਿੱਚ ਵਿੱਦਿਅਕ ਅਤੇ ਵਿਚਾਰਿਕ ਹੁਨਰਾਂ ਦੇ ਨਾਲ - ਨਾਲ ਪ੍ਰਯੋਗਿਕ ਅਤੇ ਤਕਨੀਕੀ ਹੁਨਰ ਵੀ ਵਿਕਸਤ ਕਰਦੇ ਹਨ। SECs ਰੋਜ਼ਗਾਰ ਯੋਗਤਾ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**Stream** — **SEC Offered Subjects (Medical & Non-Medical) (Any one out of below listed subjects)**

| Semester I | Semester II |
|---|---|
| Basic Lab and Field Skills in Botany | Biofertilizers |
| Hands - on Chemistry Lab Skills - I | Hands - on Chemistry Lab Skills - II |
| Spectroscopic Analysis | Python Programming |
| Computer Literacy | Physics Instrumentation Skills - II |
| Physics Instrumentation Skills - I | Apiculture |
| Creative Writing Art (ਸਿਰਜਣਾਤਮਕ ਲੇਖਣ ਹੁਨਰ) | Academic Writing (English) |
| Vermiculture and Vermicomposting | Computerisation of Punjabi Language (ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਣ) |
| Public Speaking (English) | |

### 4. Value Added Courses (VACs)

ਇਹ ਕੋਰਸ ਵਿਦਿਆਰਥੀਆਂ ਵਿੱਚ ਨੈਤਿਕਤਾ, ਸਮਾਜਿਕ ਜ਼ਿੰਮੇਵਾਰੀ ਅਤੇ ਆਧੁਨਿਕ ਵਿਸ਼ਿਆਂ ਦੀ ਸਮਝ ਨੂੰ ਵਿਕਸਤ ਕਰਨ ਉਤੇ ਕੇਂਦਰਿਤ ਹੁੰਦੇ ਹਨ। ਇਹ ਕੋਰਸ ਵਿਅਕਤੀਗਤ ਵਿਕਾਸ ਅਤੇ ਸਮਾਜਿਕ ਜਾਗਰੂਕਤਾ ਲਈ ਬਹੁਤ ਲਾਭਦਾਇਕ ਹਨ।

| Semester | VAC Offered Subjects (Medical & Non-Medical) (Any one our of below listed subjects) |
|---|---|
| I | Environmental Science<br>Fundamental of Solar Energy and Applications<br>Heritage of Punjab (ਪੰਜਾਬ ਦੀ ਵਿਰਾਸਤ) |
| II | Introduction to Computer Hardware<br>Introduction to Nanoscience and Nanotechnology<br>Partition of Punjab (ਪੰਜਾਬ ਦਾ ਬਟਵਾਰਾ) |

### 5. Ability Enhancement Courses (AECs)

AECs ਦਾ ਉਦੇਸ਼ ਵਿਦਿਆਰਥੀਆਂ ਦੀ ਭਾਸ਼ਾਈ ਯੋਗਤਾ ਅਤੇ ਸੰਚਾਰਕੁਸ਼ਲਤਾ ਨੂੰ ਮਜ਼ਬੂਤ ਕਰਨਾ ਹੈ। ਇਹ ਕੋਰਸ ਵਿਦਿਆਰਥੀਆਂ ਨੂੰ ਆਪਣੀ ਗੱਲ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਰੱਖਣ ਦੀ ਸਮਰਥਾ ਦਿੰਦੇ ਹਨ।

| Semester | AEC Offered Subjects (Medical & Non-Medical) |
|---|---|
| I | English - Language Skills : Listening and Speaking |
| II | English - Language Skills : Reading and Writing |

### 6. Punjabi (Compulsory)

ਸਭ ਵਿਦਿਆਰਥੀਆਂ ਲਈ ਪੰਜਾਬੀ (ਲਾਜ਼ਮੀ) ਭਾਸ਼ਾ ਰੂਪ ਵਿੱਚ ਪੜ੍ਹਾਈ ਜਾਵੇਗੀ, ਜਿਸ ਦਾ ਉਦੇਸ਼ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਜੋੜ ਬਣਾਈ ਰੱਖਣਾ ਹੈ।

ਨੋਟ : ਇਹ ਵਿਸ਼ਾ - ਸੂਚੀ ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ ਦੀ ਅਧਿਕਾਰਤ ਵੈਬਸਾਈਟ 'ਤੇ ਉਪਲਬਧ ਜਾਣਕਾਰੀ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਜੇਕਰ ਭਵਿੱਖ ਵਿੱਚ ਯੂਨੀਵਰਸਿਟੀ ਵੱਲੋਂ ਵਿਸ਼ਿਆਂ ਦੀ ਸੂਚੀ ਵਿੱਚ ਕੋਈ ਤਬਦੀਲੀ ਕੀਤੀ ਜਾਂਦੀ ਹੈ, ਤਾਂ ਉਸ ਸੰਬੰਧੀ ਵਿਦਿਆਰਥੀਆਂ ਨੂੰ ਸਮੇਂ - ਸਿਰ ਅੱਪਡੇਟ ਕਰ ਦਿੱਤਾ ਜਾਵੇਗਾ।

## ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਸ਼ੇ ਹੇਠ ਲਿਖੇ ਅਨੁਸਾਰ ਹਨ :-

| M.Sc.Botany 1st Semester | M.Sc.Botany 2nd Semester |
|---|---|
| • P1-Phycology | • P6-Pteridophytes |
| • P2-Bryology | • P7-Gymnosperm |
| • P3-Mycology and Microbiology | • P8-Angiosperm Morphology, Taxonomy and Phylogeny |
| • P4-a. Computer applications & Biostatisticsb. Lab technique | • P9-Reprodutive Biology of Angiosperm |
| • P5-Anatomy of Angiosperms | • P10-Plant pathology |
| **M.Sc. Botany 3rd Semester** | **M.Sc. Botany 4th Semester** |
| • P11-Molecular Biology | • P16-Plant Biochemistry |
| • P12-Plant Physiology | • P17-Forestry |
| • P13-Biotechnology | • P18-Genetics & plant Breeding |
| • P14-cytogenetics | • P19-Plant Resources, Utilization & Conservation |
| • P15-Ecology & Environment | • P20- a. Research Project/Field study Report b. Seminar |
| **M.Sc.Chemistry 1st Semester** | **M.Sc Chemistry 2nd Semester** |
| • CH-411 Inorganic Chemistry I | • CH-421 Inorganic Chemistry I |
| • CH-412 Organic Chemistry I | • CH-422 Organic Chemistry I |
| • CH-413 Physical Chemistry I | • CH-423 Physical Chemistry I |
| • CH-414 a)Mathematics for chemist b)Biology for Chemist c)Computer for Chemist | • Ch-424 Group Theory, Spectroscopy and Diffraction Methods |
| • CH-415 Laboratory Course(Inorganic Chemistry) | • CH-425 Laboratory Course(Inorganic Chemistry) |
| • CH-416 Laboratory Course(organic Chemistry) | • CH-426 Laboratory Course(organic Chemistry) |
| • CH-417 Laboratory Course(Physical Chemistry) | • CH-427 Laboratory Course(Physical Chemistry) |
| **M.Sc. Chemistry 3rd Semester** | **M.Sc.4th Semester** |
| • CH-511 Applications of Spectroscopy | • CH-521 Bio Physical Chemistry |
| • CH-512 Organotransition metal chemistry | • Ch-522 Organic synthesis-1 |
| • CH-513 Heterocylic Chemistry | • CH-523 Chemistry of natural product |
| • CH-514 Environment | • CH-524 Photo Chemistry and solid state chemistry |
| • CH-515 Laboratory Course(Inorganic Chemistry) | • CH-525 Laboratory Course(Inorganic Chemistry) |
| • CH-516 Laboratory Course(organic Chemistry) | • CH-526 Laboratory Course(organic Chemistry) |
| • CH-517 Laboratory Course(Physical Chemistry) | • CH-527 Laboratory Course(Physical Chemistry) |

**ਨੋਟ : ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਿਕ ਨਵੀਂ ਸਿੱਖਿਆ ਨੀਤੀ ਨਾਲ ਸੰਬੰਧਿਤ ਵਿਸ਼ਿਆਂ ਬਾਰੇ ਜਾਣਕਾਰੀ ਕਾਲਜ ਵੈਬਸਾਈਟ 'ਤੇ ਪਾ ਦਿੱਤੀ ਜਾਵੇਗੀ।**

## ਅਨੁਸ਼ਾਸਨ ਸਬੰਧੀ ਵਿਸ਼ੇਸ਼ ਹਦਾਇਤਾਂ

ਕਾਲਜ ਕੈਂਪਸ ਵਿੱਚ ਅਕਾਦਮਿਕ ਮਾਹੌਲ ਨੂੰ ਬਣਾਏ ਰੱਖਣ ਲਈ ਚੰਗੇਰੇ ਅਨੁਸ਼ਾਸਨ ਦੀ ਅਤਿਅੰਤ ਜ਼ਰੂਰਤ ਹੈ। ਇਸ ਮੰਤਵ ਦੀ ਪੂਰਤੀ ਲਈ ਸੰਸਥਾ ਵੱਲੋਂ ਕੁਝ ਅਧਿਆਪਕਾਂ ਤੇ ਵਿਦਿਆਰਥੀ ਕੌਂਸਲ ਦੀ ਕਮੇਟੀ ਗਠਿਤ ਕੀਤੀ ਜਾਂਦੀ ਹੈ ਜੋ ਅਨੁਸ਼ਾਸਨ ਅਤੇ ਕਾਲਜ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨਾਲ, ਵਿਸ਼ੇਸ਼ ਕਰਕੇ ਰੈਗਿੰਗ ਕਰਨ/ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ, ਵਿਦਿਆਰਥੀਆਂ ਨਾਲ ਦੁਰ-ਵਿਵਹਾਰ ਕਰਨ/ਗੈਰ-ਸੱਭਿਅਕ ਪਹਿਰਾਵਾ ਤੇ ਬੇਲੋੜੇ ਗਹਿਣੇ ਪਾਉਣ/ ਮਰਜ਼ੀ ਅਨੁਸਾਰ ਕਲਾਸਾਂ ਛੱਡਣ/ਕਾਲਜ ਹਾਜ਼ਰ ਹੋ ਕੇ ਵੀ ਕਲਾਸਾਂ ਵਿੱਚੋਂ ਗੈਰ ਹਾਜ਼ਰ ਹੋਣ/ ਇਮਤਿਹਾਨ ਵਿੱਚ ਅਯੋਗ ਸਾਧਨਾਂ ਦੀ ਵਰਤੋਂ ਕਰਨ/ਕਾਲਜ ਕੈਂਪਸ ਵਿੱਚ ਸਰਕਾਰੀ ਸੰਪੱਤੀ ਦਾ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਕਰਨ/ਕਲਾਸਾਂ ਲੱਗਣ ਸਮੇਂ ਵਰਾਂਡਿਆਂ ਵਿੱਚ ਸ਼ੋਰ ਮਚਾਉਣ/ਕੰਟੀਨ ਦੇ ਬਾਹਰ ਕੂੜਾ ਖਿਲਾਰਨ ਦੀ ਅਣਗਹਿਲੀ ਆਦਿ ਸਬੰਧੀ ਅਨੁਸ਼ਾਸਨੀ ਕਮੇਟੀ ਬੜੀ ਸਖ਼ਤੀ ਨਾਲ ਕਾਰਵਾਈ ਕਰੇਗੀ ।

- **ਕਾਲਜ ਵਿਚ ਵਿਦਿਆਰਥੀਆਂ ਲਈ ਹਰ ਸੋਮਵਾਰ ਅਤੇ ਕਾਲਜ ਸਮਾਰੋਹ ਦੇ ਮੌਕੇ ਯੂਨੀਫਾਰਮ (ਵਾਈਟ ਸੂਟ, ਉਨਾਬੀ ਦੁਪੱਟਾ, ਗਰੇ ਪੈਂਟ, ਵਾਈਟ ਸ਼ਰਟ) ਪਹਿਨਣੀ ਜਰੂਰੀ ਹੈ।**
- **ਸਿੱਖ ਵਿਦਿਆਰਥੀਆਂ ਲਈ ਪਗੜੀ ਜਰੂਰੀ ਹੈ। ਪਟਕਾ ਅਤੇ ਪਰਨਾ ਪਹਿਨਣ ਦੀ ਸਖਤ ਮਨਾਹੀ ਹੈ।**

# ਵਿਦਿਆਰਥੀਆਂ ਲਈ ਜ਼ਰੂਰੀ ਨਿਰਦੇਸ਼

1. ਵਿਦਿਆਰਥੀਆਂ ਨੂੰ ਇਸ ਪ੍ਰਾਸਪੈਕਟਸ ਵਿੱਚ ਦਿੱਤੇ ਗਏ ਨਿਯਮਾਂ ਅਤੇ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਲੈਣਾ ਚਾਹੀਦਾ ਹੈ । ਨਿਯਮਾਂ ਦੀ ਅਗਿਆਨਤਾ ਬਹਾਨੇ ਦੇ ਰੂਪ ਵਿੱਚ ਸਵੀਕਾਰ ਨਹੀਂ ਕੀਤੀ ਜਾਵੇਗੀ ।
2. ਵਿਦਿਆਰਥੀ ਕਾਲਜ ਵਿੱਚ ਹਮੇਸ਼ਾ ਸ਼ਨਾਖਤੀ ਕਾਰਡ ਪਹਿਣ ਕੇ ਰੱਖਣਗੇ ਅਤੇ ਮੰਗ ਕਰਨ ਤੇ ਦਿਖਾਉਣਗੇ । ਅਜਿਹਾ ਨਾ ਹੋਣ ਦੀ ਸੂਰਤ ਵਿੱਚ ਕਾਲਜ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ ।
3. ਵਿਦਿਆਰਥੀ ਲਈ ਹਰੇਕ ਸੂਚਨਾ ਕੇਵਲ ਨੋਟਿਸ ਬੋਰਡ ਰਾਹੀਂ ਹੀ ਦਿੱਤੀ ਜਾਂਦੀ ਹੈ । ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਹਰ ਰੋਜ਼ ਨੋਟਿਸ ਬੋਰਡ ਪੜ੍ਹਨ। ਨੋਟਿਸ ਬੋਰਡ ਜਾਂ ਈ-ਡਿਸਪਲੇਅ ਨਾ ਪੜ੍ਹਨ ਦੀ ਸੂਰਤ ਵਿੱਚ ਸੂਚਨਾ ਤੋਂ ਵਾਂਝੇ ਰਹਿਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ । ਇਸ ਲਈ ਕਾਲਜ ਜਿੰਮੇਵਾਰ ਨਹੀਂ ਹੋਵੇਗਾ ।
4. ਕੋਈ ਵੀ ਵਿਦਿਆਰਥੀ ਕਾਲਜ ਨੋਟਿਸ ਬੋਰਡ ਉੱਪਰ ਆਪਣੇ ਪੱਧਰ ਤੇ ਕੋਈ ਵੀ ਸੂਚਨਾ ਲਿਖ ਕੇ ਨਹੀਂ ਲਗਾਏਗਾ । ਕੋਈ ਵੀ ਜ਼ਰੂਰੀ ਸੂਚਨਾ ਕਾਲਜ ਦੇ ਡਾਇਰੈਕਟਰ **ਸਾਹਿਬਾ**/ਪ੍ਰੋਫੈਸਰ ਇੰਚਾਰਜ ਦੀ ਲਿਖਤੀ ਆਗਿਆ ਨਾਲ ਹੀ ਨੋਟਿਸ ਬੋਰਡ ਤੇ ਚਿਪਕਾਈ ਜਾ ਸਕਦੀ ਹੈ ।
5. ਵਿਦਿਆਰਥੀਆਂ ਨੂੰ ਕਾਲਜ ਗੇਟ ਅੰਦਰ ਸਕੂਟਰ/ਕਾਰ ਲਿਆਉਣ ਦੀ ਆਗਿਆ ਨਹੀਂ ਹੋਵੇਗੀ। ਇਹ ਨਿਰਦੇਸ਼ ਅਪਾਹਿਜ ਵਿਦਿਆਰਥੀਆਂ ਤੇ ਲਾਗੂ ਨਹੀਂ ਹੈ ।
6. ਵਿਦਿਆਰਥੀ ਆਪਣੇ ਦੋਸਤਾਂ ਨੂੰ ਕਾਲਜ ਨਹੀਂ ਲੈ ਕੇ ਆਉਣਗੇ, ਉਲੰਘਣਾ ਕਰਨ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ ।
7. ਵਿਦਿਆਰਥੀਆਂ ਵੱਲੋਂ ਰੈਗਿੰਗ ਕਰਨਾ ਕਾਨੂੰਨੀ ਜ਼ੁਰਮ ਹੈ। ਇਸ ਦੀ ਸਖ਼ਤ ਸਜ਼ਾ ਹੋਵੇਗੀ। ਕਾਲਜ ਕੈਂਪਸ ਵਿੱਚ ਰੈਗਿੰਗ ਦੀ ਸਖ਼ਤ ਮਨਾਹੀ ਹੈ।
8. ਵਿਦਿਆਰਥੀਆਂ ਨੂੰ ਕਲਾਸਾਂ ਵਿੱਚ ਫੋਨ ਦੀ ਵਰਤੋਂ ਕਰਨ ਤੇ ਪੂਰੀ ਤਰ੍ਹਾਂ ਪਾਬੰਦੀ ਹੈ। ਵਿਦਿਆਰਥੀਆਂ ਦੇ ਫੋਨ ਕਲਾਸਾਂ ਵਿੱਚ Off Mode ਵਿੱਚ ਹੋਣਗੇ । ਜੇਕਰ ਫੋਨ On Mode ਵਿੱਚ ਫੜਿਆ ਗਿਆ ਤਾਂ ਫੋਨ ਜ਼ਬਤ ਕਰ ਲਿਆ ਜਾਵੇਗਾ ।

# ਮਾਤਾ-ਪਿਤਾ ਦੇ ਧਿਆਨ ਹਿੱਤ

1. ਇਸ ਪ੍ਰਾਸਪੈਕਟਸ ਵਿੱਚ ਦਿੱਤੇ ਨਿਯਮਾਂ ਅਤੇ ਹਦਾਇਤਾਂ ਨੂੰ ਮਾਤਾ-ਪਿਤਾ ਲਈ ਵੀ ਪੜ੍ਹਨਾ ਜ਼ਰੂਰੀ ਹੈ ।
2. ਵਿਦਿਆਰਥੀ ਦੇ ਮਾਤਾ-ਪਿਤਾ ਸੈਸ਼ਨ ਦੌਰਾਨ ਘੱਟੋ-ਘੱਟ ਤਿੰਨ ਵਾਰ ਆਪਣੇ ਬੱਚੇ ਦੀ ਅਕਾਦਮਿਕ ਪ੍ਰਗਤੀ, ਹਾਜ਼ਰੀਆਂ ਅਤੇ ਅਨੁਸ਼ਾਸਨ ਪ੍ਰਤੀ ਪ੍ਰਸ਼ਾਸਨ ਨਾਲ ਲਾਜ਼ਮੀ ਸੰਪਰਕ ਕਰਨ ।
3. ਜਿਹੜਾ ਵਿਦਿਆਰਥੀ ਦਾਖ਼ਲੇ ਉਪਰੰਤ ਲਗਾਤਾਰ 10 ਦਿਨ ਕਿਸੇ ਵਿਸ਼ੇ ਦੀ ਕਲਾਸ ਵਿੱਚੋਂ ਗੈਰ-ਹਾਜ਼ਰ ਰਹਿੰਦਾ ਹੈ ਤਾਂ ਉਸ ਦਾ ਨਾਂ ਕੱਟ ਦਿੱਤਾ ਜਾਵੇਗਾ । ਨਾਮ ਕੱਟਣ ਜਾਂ ਗੈਰ ਹਾਜ਼ਰੀਆਂ ਦੀ ਸੂਚਨਾ ਕੇਵਲ ਨੋਟਿਸ ਬੋਰਡ ਤੇ ਹੀ ਲਗਾਈ ਜਾਵੇਗੀ ।
4. ਲੋੜ ਪੈਣ ਤੇ ਆਪ ਜੀ ਵੱਲੋਂ ਦਿੱਤੇ ਗਏ ਪਤੇ/ ਫੋਨ ਨੰਬਰ ਤੇ ਸੂਚਨਾ ਭੇਜੀ ਜਾਵੇਗੀ । ਪਤੇ/ ਫੋਨ ਨੰ. ਵਿੱਚ ਤਬਦੀਲੀ ਦੀ ਸੂਚਨਾ ਤੁਰੰਤ ਕਾਲਜ ਦਫਤਰ ਨੂੰ ਦਿੱਤੀ ਜਾਵੇ ਜੀ ।
5. ਕਾਲਜ ਦੇ ਮਾਪੇ-ਅਧਿਆਪਕ ਸੰਗਠਨ ਨੇ ਹੁਣ ਤੱਕ ਕਾਲਜ ਦੀਆਂ ਵਿਸ਼ੇਸ਼ ਅਤੇ ਜ਼ਰੂਰੀ ਜ਼ਰੂਰਤਾਂ ਨੂੰ ਪੂਰਾ ਕਰਨ ਦਾ ਅਤੇ ਵਿਕਾਸ ਦੇ ਕੁਝ ਕਾਰਜਾਂ ਨੂੰ ਨੇਪਰੇ ਚਾੜ੍ਹਨ ਦਾ ਪੂਰਾ ਹੰਭਲਾ ਮਾਰਿਆ ਹੈ । ਆਪ ਜੀ ਵੱਲੋਂ ਕਾਲਜ ਦੀ ਬੇਹਤਰੀ ਸਬੰਧੀ ਕਿਸੇ ਵੀ ਸੁਝਾਅ ਦਾ ਸਵਾਗਤ ਕੀਤਾ ਜਾਵੇਗਾ ।
6. ਪੀ.ਟੀ.ਏ. ਦੇ ਜਨਰਲ ਹਾਊਸ ਦੀ ਇੱਕ ਮੀਟਿੰਗ ਹੋਵੇਗੀ । ਸਾਰੇ ਮਾਪਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮੀਟਿੰਗ ਵਿੱਚ ਜ਼ਰੂਰ ਹਿੱਸਾ ਲੈਣ ।
7. ਕਾਲਜ ਦੀਆਂ ਪ੍ਰਯੋਗਸ਼ਾਲਾਵਾਂ ਵਿੱਚ ਪ੍ਰਯੋਗ ਕਰਦੇ ਸਮੇਂ ਕੋਈ ਵਿਦਿਆਰਥੀ ਦੀ ਅਣਗਹਿਲੀ ਕਾਰਨ ਦੁਰਘਟਨਾ ਹੋ ਜਾਂਦੀ ਹੈ ਤਾਂ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ ।
8. ਵਿਦਿਅਕ ਟੂਰ/ਪਲਾਂਟ ਕੁਲੈਕਸ਼ਨ ਇੱਕ ਮਹੱਤਵਪੂਰਨ ਗਤੀਵਿਧੀ ਹੈ । ਟੂਰ/ਪਲਾਂਟ ਕੁਲੈਕਸ਼ਨ ਤੇ ਜਾਣ ਤੋਂ ਪਹਿਲਾਂ ਵਿਦਿਆਰਥੀ ਆਪਣੇ ਮਾਤਾ-ਪਿਤਾ ਤੋਂ ਆਗਿਆ ਸੰਬੰਧੀ ਸਵੈ-ਘੋਸ਼ਣਾ ਪੱਤਰ ਪੇਸ਼ ਕਰਨਗੇ । ਕਿਸੇ ਵੀ ਦੁਰਘਟਨਾ ਦੀ ਸੂਰਤ ਵਿੱਚ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।
9. ਵਿਦਿਆਰਥੀ ਲਈ ਛੁੱਟੀ-ਫਾਰਮ ਭਰਨ ਤੇ ਲੈਕਚਰ ਵਿੱਚ ਛੋਟ ਨਹੀਂ ਹੋਵੇਗੀ, ਸਿਰਫ ਜ਼ੁਰਮਾਨਾ ਮੁਆਫ ਹੋਵੇਗਾ।

# ਵਿਦਿਆਰਥੀਆਂ ਲਈ ਜ਼ਰੂਰੀ ਨਿਯਮ

**(I) ਛੁੱਟੀ ਦੇ ਨਿਯਮ :**

1. ਕਿਸੇ ਵੀ ਵਿਦਿਆਰਥੀ ਨੂੰ ਕਾਲਜ ਸਮੇਂ ਦੌਰਾਨ ਕਿਸੇ ਟਿਊਸ਼ਨ/ਟ੍ਰੇਨਿੰਗ ਲਈ ਨਹੀਂ ਭੇਜਿਆ ਜਾਵੇਗਾ ।
2. ਛੁੱਟੀ ਲਈ ਬਿਨੈ-ਪੱਤਰ ਨਿਰਧਾਰਿਤ ਫਾਰਮ ਤੇ ਦੇਣਾ ਜ਼ਰੂਰੀ ਹੈ ਜੋ ਕਿ ਕਾਲਜ ਦਫਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ।ਅਜਿਹੇ ਬਿਨੈ-ਪੱਤਰ ਤੇ ਮਾਪਿਆਂ ਦੀ ਇਜਾਜ਼ਤ ਜ਼ਰੂਰੀ ਹੈ ।
3. ਸਾਧਾਰਨ ਹਾਲਤਾਂ ਵਿੱਚ ਛੁੱਟੀ ਤੇ ਜਾਣ ਤੋਂ ਪਹਿਲਾਂ ਛੁੱਟੀ ਮਨਜ਼ੂਰ ਕਰਵਾਉਣੀ ਜ਼ਰੂਰੀ ਹੈ ।
4. ਪੰਜ ਦਿਨ ਤੱਕ ਦੀ ਜ਼ਰੂਰੀ ਕੰਮ ਜਾਂ ਬਿਮਾਰੀ ਦੀ ਛੁੱਟੀ ਟਿਊਟਰ ਪਾਸੋਂ ਮਨਜ਼ੂਰ ਕਰਵਾਉਣੀ ਜ਼ਰੂਰੀ ਹੈ ।ਪੰਜ ਤੋਂ ਦਸ ਦਿਨ ਤੱਕ ਦੀ ਛੁੱਟੀ ਟਿਊਟਰ ਦੀ ਸਿਫਾਰਸ਼ ਤੇ ਸੀਨੀਅਰ ਟਿਊਟਰ ਪਾਸੋਂ ਮਨਜ਼ੂਰ ਕਰਵਾਉਣਾ ਜ਼ਰੂਰੀ ਹੈ।ਦਸ ਦਿਨ ਤੋਂ ਵੱਧ ਦੀ ਛੁੱਟੀ ਟਿਊਟਰ ਅਤੇ ਸੀਨੀਅਰ ਟਿਊਟਰ ਦੀ ਸਿਫਾਰਸ਼ ਤੇ ਡਾਇਰੈਕਟਰ ਕੋਲੋਂ ਮਨਜ਼ੂਰ ਕਰਵਾਉਣਾ ਜ਼ਰੂਰੀ ਹੈ ।
5. ਬਿਮਾਰੀ ਕਾਰਨ ਇੱਕ ਹਫਤੇ ਤੋਂ ਵੱਧ ਗੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀ ਲਈ ਛੁੱਟੀ ਦੀ ਅਰਜ਼ੀ ਨਾਲ ਐਮ.ਬੀ.ਬੀ.ਐਸ./ਐਮ.ਡੀ. ਡਾਕਟਰ ਵਲੋਂ ਜਾਰੀ ਮੈਡੀਕਲ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ ।
6. ਕਿਸੇ ਵੀ ਕਿਸਮ ਦੀ ਮਨਜ਼ੂਰ ਹੋਈ ਕੋਈ ਵੀ ਛੁੱਟੀ (ਜ਼ਰੂਰੀ ਕੰਮ ਜਾਂ ਬਿਮਾਰੀ) ਹਾਜ਼ਰੀਆਂ ਦੀ ਘਾਟ ਪੂਰੀ ਨਹੀਂ ਕਰ ਸਕਦੀ, ਇਸ ਨਾਲ ਕੇਵਲ ਜ਼ੁਰਮਾਨੇ ਤੋਂ ਹੀ ਛੋਟ ਮਿਲਦੀ ਹੈ।

**(ii) ਕਾਲਜ ਤੋਂ ਗੈਰਹਾਜ਼ਰੀ:**

1. ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜ਼ੂਰ ਕਰਵਾਏ ਬਿਨ੍ਹਾਂ ਕਿਸੇ ਵੀ ਵਿਸ਼ੇ ਵਿੱਚ ਲਗਾਤਾਰ ਦਸ ਦਿਨ ਜਾਂ ਲਗਾਤਾਰ ਤਿੰਨ ਟਿਊਟੋਰੀਅਲ ਗਰੁੱਪਾਂ ਵਿੱਚ ਗੈਰਹਾਜ਼ਰ ਰਹਿੰਦਾ ਹੈ ਤਾਂ ਉਸ ਦਾ ਨਾਮ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ ।
2. ਅਜਿਹੇ ਵਿਦਿਆਰਥੀ ਡਾਇਰੈਕਟਰ ਦੀ ਆਗਿਆ ਨਾਲ ਦਾਖ਼ਲੇ ਦੀ ਫੀਸ ਦੇ ਕੇ 15 ਦਿਨਾਂ ਦੇ ਅੰਦਰ ਦੁਬਾਰਾ ਦਾਖ਼ਲ ਹੋ ਸਕਦੇ ਹਨ ।
3. ਦੁਬਾਰਾ ਦਾਖ਼ਲ ਹੋਣ ਲਈ ਕੇਵਲ ਇੱਕੋ ਹੀ ਮੌਕਾ ਦਿੱਤਾ ਜਾਵੇਗਾ ।
4. ਅਜਿਹੇ ਵਿਦਿਆਰਥੀਆਂ ਨੂੰ ਉਸ ਸਮੇਂ ਦੀਆਂ ਹਾਜ਼ਰੀਆਂ ਨਹੀਂ ਮਿਲਣਗੀਆਂ, ਜਿਸ ਦੌਰਾਨ ਉਸਦਾ ਨਾਮ ਕੱਟਿਆ ਹੋਇਆ ਸੀ।
5. ਨਿਸ਼ਚਿਤ ਹਾਜ਼ਰੀਆਂ ਪੂਰੀਆਂ ਨਾ ਕਰਨ ਵਾਲੇ ਵਿਦਿਆਰਥੀ ਨੂੰ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਹੋਵੇਗੀ ।

**(iii) ਸ਼ਨਾਖਤੀ ਕਾਰਡ**

ਕਾਲਜ ਵਿੱਚ ਦਾਖ਼ਲਾ ਹੋਣ ਉਪਰੰਤ ਹਰ ਵਿਦਿਆਰਥੀ ਨੂੰ ਸ਼ਨਾਖਤੀ ਕਾਰਡ ਦਿੱਤਾ ਜਾਵੇਗਾ । ਹਰ ਵਿਦਿਆਰਥੀ ਹਰ ਸਮੇਂ ਸ਼ਨਾਖਤੀ ਕਾਰਡ ਨੂੰ ਪਹਿਣ ਕੇ ਰੱਖੇਗਾ ਅਤੇ ਕਾਲਜ ਦੇ ਕਿਸੇ ਵੀ ਅਧਿਕਾਰੀ ਦੀ ਮੰਗ ਤੇ ਉਸਨੂੰ ਕਾਰਡ ਦਿਖਾਉਣਾ ਪਵੇਗਾ । ਜਿਸ ਵੀ ਵਿਦਿਆਰਥੀ ਪਾਸ ਕਾਰਡ ਨਹੀਂ ਹੋਵੇਗਾ ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ । ਸ਼ਨਾਖ਼ਤੀ ਕਾਰਡ ਗੁੰਮ ਹੋ ਜਾਣ ਦੀ ਸੂਰਤ ਵਿੱਚ ਪੁਲਿਸ ਸਟੇਸ਼ਨ ਵਿੱਚ ਗੁੰਮਸ਼ੁਦਗੀ ਰਿਪੋਰਟ ਲਿਖਾ ਕੇ ਅਤੇ ਉਸਦੀ ਕਾਪੀ ਆਪਣੀ ਅਰਜ਼ੀ ਨਾਲ ਲਗਾ ਕੇ ਡਾਇਰੈਕਟਰ ਸਾਹਿਬ ਦੀ ਆਗਿਆ ਉਪਰੰਤ ਡੁਪਲੀਕੇਟ ਕਾਰਡ ਬਣਵਾਇਆ ਜਾ ਸਕਦਾ ਹੈ। ਇਸਦੇ ਲਈ ਨਿਯਮਾਂ ਅਨੁਸਾਰ ਬਣਦੀ ਫੀਸ ਵੀ ਜਮ੍ਹਾਂ ਕਰਵਾਉਣੀ ਹੋਵੇਗੀ । ਸ਼ਨਾਖਤੀ ਕਾਰਡ ਨੂੰ ਕਿਸੇ ਵੀ ਰੂਪ ਵਿੱਚ ਬਦਲਣ/ਵਿਗਾੜਨ ਜਾਂ ਇਸਦੀ ਦੁਰਵਰਤੋਂ ਕਰਨ ਤੇ ਵਿਦਿਆਰਥੀ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ ।

**(iv) ਟਿਊਟੋਰੀਅਲ ਗਰੁੱਪ**

ਵਿਦਿਆਰਥੀ ਦੇ ਬਹੁਪੱਖੀ ਵਿਕਾਸ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਉਚਿਤ ਤਾਲ ਮੇਲ ਦੇ ਮੰਤਵ ਲਈ ਹਰ ਵਿਦਿਆਰਥੀ ਨੂੰ ਇੱਕ ਵਿਸ਼ੇਸ਼ ਅਧਿਆਪਕੀ ਗਰੁੱਪ (ਟਿਊਟੋਰੀਅਲ ਗਰੁੱਪ) ਨੰਬਰ ਅਲਾਟ ਕੀਤਾ ਜਾਂਦਾ ਹੈ । ਅਧਿਆਪਕ (ਟਿਊਟਰ) ਆਪਣੇ ਗਰੁੱਪ ਅਧੀਨ ਆਉਂਦੇ ਵਿਦਿਆਰਥੀ ਦੀ ਪੜ੍ਹਾਈ, ਵਿਵਹਾਰ ਅਤੇ ਆਚਰਣ ਦੀ ਨਿਗਰਾਨੀ ਕਰਦੇ ਹਨ । ਕਿਸੇ ਵੀ ਔਕੜ ਜਾਂ ਛੁੱਟੀ ਆਦਿ ਦੀ ਮਨਜ਼ੂਰੀ ਲਈ ਵਿਦਿਆਰਥੀਆਂ ਨੂੰ ਆਪਣੇ ਟਿਊਟਰ ਦੀ ਸਹਾਇਤਾ, ਅਗਵਾਈ ਅਤੇ ਸਲਾਹ ਦਾ ਲਾਭ ਉਠਾਉਣਾ ਚਾਹੀਦਾ ਹੈ । ਆਪਣੇ ਟਿਊਟਰ **ਤੋਂ** ਇਲਾਵਾ ਵਿਦਿਆਰਥੀ ਸੀਨੀਅਰ ਟਿਊਟਰ **ਤੋਂ** ਵੀ ਅਗਵਾਈ ਅਤੇ ਸਹਾਇਤਾ ਪ੍ਰਾਪਤ ਕਰ ਸਕਦੇ ਹਨ । ਟਿਊਟੋਰੀਅਲ ਗਰੁੱਪ ਨਾ ਲਾਉਣ ਵਾਲੇ ਵਿਦਿਆਰਥੀ ਨੂੰ ਵਿਸ਼ੇਸ਼ ਜ਼ੁਰਮਾਨਾ ਦੇਣਾ ਪਵੇਗਾ ।

(v) ਇੰਨਟਰਨਲ ਅਸੈੱਸਮੈਂਟ

| ਅੰਡਰ ਗ੍ਰੈਜੂਏਟ ਕਲਾਸਾਂ ਲਈ | |
|---|---|
| ਕਲਾਸ ਟੈਸਟ | 5% |
| ਸੈਮੀਨਾਰ / ਪ੍ਰੋਜੈਕਟ / ਅਸਾਈਨਮੈਂਟ | 3% |
| ਹਾਜ਼ਰੀਆਂ | 2% |

| ਪੋਸਟ ਗ੍ਰੈਜੂਏਟ ਕਲਾਸਾਂ ਲਈ | |
|---|---|
| ਅਸਾਈਨਮੈਂਟ | 5% |
| ਸਨੈਪ ਟੈਸਟ | 5% |
| ਕਲਾਸ ਰੂਮ ਡਿਸਕਸ਼ਨ | 3% |
| ਟਰਮ ਪੇਪਰ | 5% |
| ਹਾਜ਼ਰੀਆਂ | 2% |

**ਨੋਟ : ਪੰਜਾਬ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ ਤੇ ਪ੍ਰਾਪਤ ਹਦਾਇਤਾਂ ਅਨੁਸਾਰ ਹਾਊਸ ਟੈਸਟ/ ਇੰਟਰਨਲ ਅਸੈਸਮੈਂਟ ਵਿੱਚ ਤਬਦੀਲੀ ਹੋ ਸਕਦੀ ਹੈ ।**

**(vi) ਯੂਨੀਵਰਸਿਟੀ ਦੇ ਇਮਤਿਹਾਨ ਵਿੱਚ ਬੈਠਣ ਦੀਆਂ ਸ਼ਰਤਾਂ**

ਯੂਨੀਵਰਸਿਟੀ ਦੇ ਸਾਲਾਨਾ ਇਮਤਿਹਾਨ ਵਿੱਚ ਕੇਵਲ ਉਹੀ ਵਿਦਿਆਰਥੀ ਬੈਠ ਸਕਦੇ ਹਨ ਜੋ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨਗੇ ।

1. ਵਿਦਿਆਰਥੀ ਲਈ ਹਰੇਕ ਵਿਸ਼ੇ (ਲਿਖਤੀ ਅਤੇ ਪ੍ਰੈਕਟੀਕਲਾਂ ਵਿੱਚ ਵੱਖ-ਵੱਖ) ਵਿੱਚ ਘੱਟੋ-ਘੱਟ 75% ਹਾਜ਼ਰੀਆਂ ਜ਼ਰੂਰੀ ਹਨ ਅਤੇ ਅਜਿਹਾ ਨਾ ਹੋਣ ਤੇ ਵਿਦਿਆਰਥੀ ਪ੍ਰੀਖਿਆ ਵਿੱਚ ਬੈਠਣ **ਤੋਂ** ਰੋਕਿਆ ਜਾ ਸਕਦਾ ਹੈ।
2. ਸਾਲ ਵਿੱਚ ਦੋ **ਵਾਰ** PG ਵਿਦਿਆਰਥੀਆਂ ਦੁਆਰਾ ਪੰਜਾਬ ਯੂਨੀਵਰਸਿਟੀ ਦੀ ਪ੍ਰੀਖਿਆ ਦੇ ਫਾਰਮ ਖੁਦ ਪੰਜਾਬ ਯੂਨੀਵਰਸਿਟੀ ਦੀ ਵੈਬ ਸਾਈਟ ਤੇ ਜਾ ਕੇ **ਭਰਨਗੇ** ਅਤੇ ਪ੍ਰੀਖਿਆ ਫੀਸ **ਵੀ** ਭਰਨਗੇ । **ਫੀਸ** ਨਾ ਭਰਨ ਦੀ ਸੂਰਤ ਵਿੱਚ ਵਿਦਿਆਰਥੀ ਪੇਪਰ ਨਹੀਂ ਦੇ ਸਕਣਗੇ ।
3. ਰੀਅਪੀਅਰ ਵਾਲਾ ਵਿਦਿਆਰਥੀ ਆਪਣੇ ਰੀਅਪੀਅਰ ਪੇਪਰ ਦਾ ਬਿਨੈ-ਪੱਤਰ ਪੰਜਾਬ ਯੂਨੀਵਰਸਿਟੀ ਦੀ ਵੈਬ-ਸਾਈਟ ਤੇ ਪ੍ਰਾਈਵੇਟ ਉਮੀਦਵਾਰ ਦੇ ਤੌਰ ਤੇ ਭਰੇਗਾ । ਕਾਲਜ ਦੀ ਇਸ ਪ੍ਰਤੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ ।

**(vii) ਕਾਲਜ ਛੱਡਣਾ / ਨਾਮ ਕਟਵਾਉਣਾ**

1. ਜੋ ਵਿਦਿਆਰਥੀ ਕਾਲਜ ਛੱਡਣਾ ਚਾਹੁਣ, ਉਨ੍ਹਾਂ ਨੂੰ ਆਪਣੀ ਹੱਥ-ਲਿਖਤ ਵਿੱਚ ਬਿਨੈ-ਪੱਤਰ ਦੇਣਾ ਹੋਵੇਗਾ ।**ਇਸ** ਬਿਨੈ-ਪੱਤਰ **ਉੱਪਰ** ਮਾਪਿਆਂ/ਸਰਪ੍ਰਸਤ ਦੀ ਆਗਿਆ **ਦਾ** ਹੋਣਾ ਜ਼ਰੂਰੀ ਹੋਵੇਗਾ ।ਜਦੋਂ ਤੱਕ ਬਿਨੈ-ਪੱਤਰ ਦੇ ਕੇ ਨਾਮ ਨਹੀਂ ਕਟਵਾਇਆ ਜਾਂਦਾ ਉਦੋਂ ਤੱਕ ਬਣਦੀਆਂ ਸਾਰੀਆਂ ਫੀਸਾਂ, ਫੰਡ ਅਤੇ ਜ਼ੁਰਮਾਨੇ ਲਏ ਜਾਣਗੇ ।

# ਵਜ਼ੀਫੇ ਤੇ ਵਿੱਤੀ ਸਹਾਇਤਾ

ਕਾਲਜ ਵਿੱਚ ਪੜ੍ਹਨ ਯੋਗ ਵਿਦਿਆਰਥੀਆਂ ਵਾਸਤੇ ਵੱਖ-ਵੱਖ ਸਕੀਮਾਂ ਅਧੀਨ ਵਜ਼ੀਫੇ ਉਪਲਬਧ ਹਨ । ਪੰਜਾਬ ਸਰਕਾਰ, ਭਾਰਤ ਸਰਕਾਰ ਅਤੇ ਹੋਰ ਸੰਸਥਾਵਾਂ ਵੱਲੋਂ ਵੀ ਸਕੀਮਾਂ ਅਧੀਨ ਵਜ਼ੀਫੇ ਦੀ ਸਹੂਲਤ ਦਿੱਤੀ ਜਾਂਦੀ ਹੈ । ਵਿਦਿਆਰਥੀ ਹੇਠ ਲਿਖੇ ਵਜ਼ੀਫੇ **ਲਈ ਅਪਲਾਈ ਕਰ ਸਕਦੇ ਹਨ।** ਸਰਕਾਰ ਵੱਲੋਂ ਜਾਣਕਾਰੀ ਪ੍ਰਾਪਤ ਹੋਣ ਤੇ ਸਮੇਂ-ਸਮੇਂ ਵਿਦਿਆਰਥੀਆਂ ਨੂੰ ਇਨ੍ਹਾਂ ਵਜ਼ੀਫਿਆਂ ਦੀਆਂ ਸ਼ਰਤਾਂ ਅਤੇ ਬਿਨੈ-ਪੱਤਰ ਦੇਣ ਲਈ ਕਾਲਜ ਨੋਟਿਸ ਬੋਰਡ ਰਾਹੀਂ ਸੂਚਿਤ ਕੀਤਾ ਜਾਂਦਾ ਹੈ ।

**ਨੋਟ : ਵਜ਼ੀਫੇ ਤੇ ਵਿੱਤੀ ਸਹਾਇਤਾ ਲਈ ਬਿਨੈ-ਪੱਤਰ ਦੇਣ ਵਾਲੇ ਵਿਦਿਆਰਥੀਆਂ ਲਈ ਕਿਸੇ ਵੀ ਬੈਂਕ ਦਾ ਖਾਤਾਧਾਰਕ ਹੋਣਾ ਚਾਹੀਦਾ ਹੈ ।**

**(1) ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਵਾਸਤੇ ਵਜ਼ੀਫਾ :**

ਪੰਜਾਬ ਸਰਕਾਰ ਤੋਂ ਇਹਨਾਂ ਸ਼੍ਰੇਣੀਆਂ ਵਾਸਤੇ ਵਜ਼ੀਫਾ ਉਹਨਾਂ ਵਿਦਿਆਰਥੀਆਂ ਨੂੰ ਮਿਲਦਾ ਹੈ, ਜਿਹਨਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਕ੍ਰਮਵਾਰ, SC ਵਿਦਿਆਰਥੀਆਂ ਲਈ 2.5 ਲੱਖ ਰੁ: ਅਤੇ BC ਵਿਦਿਆਰਥੀਆਂ ਵਾਸਤੇ ਆਮਦਨ ਦੀ ਸੀਮਾਂ ਇੱਕ ਲੱਖ ਰੁ: ਹੈ (ਸਰਕਾਰ ਵੱਲੋਂ ਇਹ ਸੀਮਾ ਬਦਲੀ ਜਾ ਸਕਦੀ ਹੈ) । ਵਜ਼ੀਫਾ ਲੈਣ ਵਾਲੇ ਵਿਦਿਆਰਥੀਆਂ ਕੋਲ ਲੋੜੀਂਦਾ ਜਾਤੀ ਸਰਟੀਫਿਕੇਟ ਅਤੇ ਆਧਾਰ ਕਾਰਡ ਨੰਬਰ ਦਾ ਹੋਣਾ ਲਾਜ਼ਮੀ ਹੈ ਅਤੇ ਵਿਦਿਆਰਥੀ ਦਾ ਬੈਂਕ ਅਕਾਊਂਟ ਸੀਡਡ ਹੋਣਾ ਚਾਹੀਦਾ ਹੈ । ਦਾਖ਼ਲਾ ਹੋਣ ਉਪਰੰਤ ਵਿਦਿਆਰਥੀ ਪੰਜਾਬ ਸਰਕਾਰ ਦੀ ਵੈਬਸਾਈਟ www.scholarships.punjab.gov.in

'ਅਸ਼ੀਰਵਾਦ' "Ashirwaad"ਤੇ ਜਾ ਕੇ ਰਜਿਸਟਰਡ ਹੋਵੇਗਾ । ਰਜਿਸਟਰਡ ਹੋਣ ਉਪਰੰਤ "User Id" ਅਤੇ Password ਵਿਦਿਆਰਥੀ ਨੂੰ ਮਿਲੇਗਾ । ਇਹ ਸੂਚਨਾ SMS ਰਾਹੀਂ ਵਿਦਿਆਰਥੀ ਦੇ ਮੋਬਾਇਲ ਨੰਬਰ ਤੇ ਵੀ ਆ ਜਾਵੇਗੀ । ਇਸ ਤੋਂ ਬਾਅਦ ਲੋਗਿਨ ਹੋ ਕੇ ਵਜ਼ੀਫੇ ਲਈ"Online" ਅਪਲਾਈ ਕਰੇਗਾ ।**ਵਜੀਫੇ ਲਈ ਅਪਲਾਈ ਕਰਨ ਤੋਂ ਪਹਿਲਾਂ SC ਵਿਦਿਆਰਥੀਆਂ ਦਾ ਫਰੀਸ਼ਿਪ ਕਾਰਡ ਬਣਿਆ ਹੋਣਾ ਜਰੂਰੀ ਹੈ। ਫਰੀਸ਼ਿਪ ਕਾਰਡ ਬੀ.ਸੀ ਵਿਦਿਆਰਥੀਆਂ ਦਾ ਨਹੀਂ ਬਣੇਗਾ।** ਫਾਰਮ ਲੋਕ ਕਰਨ ਤੋਂ ਪਹਿਲਾਂ ਵਿਦਿਆਰਥੀਆਂ ਵੱਲੋਂ ਹਲਫੀਆ ਬਿਆਨ ਅਤੇ ਜਾਤੀ ਸਰਟੀਫਿਕੇਟ ਅਪਲੋਡ ਕਰਨਾ ਜ਼ਰੂਰੀ ਹੈ । ਬਿਨੈ ਪੱਤਰ ਦੀ ਕਾਪੀ ਦਾ Print Out ਸਮੇਤ ਦਸਤਾਵੇਜ਼ **(ਪੋਰਟਲ ਕਾਪੀ, ਬੈਂਕ ਦੀ ਕਾਪੀ, ਆਧਾਰ ਕਾਰਡ, ਆਮਦਨ ਸਰਟੀਫਿਕੇਟ, 10ਵੀਂ ਦਾ ਸਰਟੀਫਿਕੇਟ,** ਜਾਤੀ ਸਰਟੀਫਿਕੇਟ, **ਮਾਤਾ ਪਿਤਾ ਦਾ ਆਧਾਰ ਕਾਰਡ,** ਪਿਛਲੇ ਸਾਲਾਂ ਦਾ ਰਿਜਲਟ, ਖੁਦ ਤਸਦੀਕਸ਼ੁਦਾ ਸਰਟੀਫਿਕੇਟ, **ਵਿਦਿਆਰਥੀ ਦੁਆਰਾ ਹਲਫੀਆ ਬਿਆਨ, ਨੋਟਰੀ ਤੋਂ ਤਸਦੀਕਸ਼ੁਦਾ) (ਦੋ ਪਰਤਾਂ ਵਿੱਚ)** ਲੈ ਕੇ ਦਸਤਖ਼ਤ ਕਰਕੇ ਕਾਲਜ ਦਫਤਰ ਵਿੱਚ ਜਮ੍ਹਾਂ ਕਰਵਾਏਗਾ । ਪੰਜਾਬ ਸਰਕਾਰ ਵੱਲੋਂ ਵਜ਼ੀਫਾ ਵਿਦਿਆਰਥੀ ਦੇ ਖਾਤੇ ਵਿੱਚ ਆ ਜਾਵੇਗਾ ।"User ID" ਅਤੇ Password ਹਰ ਸਾਲ ਇਹ **ਹੀ** ਰਹੇਗਾ । ਇਸ ਕਰਕੇ ਵਿਦਿਆਰਥੀਆਂ ਨੂੰ ਇਹ ਸਾਂਭ ਕੇ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ। SC ਵਜ਼ੀਫਾ ਲੈਣ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਦੀ ਆਮਦਨ 2.5 ਲੱਖ **ਤੋਂ** ਘੱਟ ਹੋਣੀ ਚਾਹੀਦੀ ਹੈ **ਅਤੇ ਬੀ.ਸੀ ਵਿਦਿਆਰਥੀਆਂ ਦੀ ਸਾਲਾਨਾ ਆਮਦਨ ਇੱਕ ਲੱਖ ਤੋਂ ਘੱਟ ਹੋਣੀ ਚਾਹੀਦੀ ਹੈ ।** ਬੀ.ਸੀ ਵਿਦਿਆਰਥੀਆਂ ਦੁਆਰਾ ਪਿਛਲੀ ਸ਼੍ਰੇਣੀ ਵਿੱਚ 60% ਅੰਕ ਲੈਣੇ ਜ਼ਰੂਰੀ ਹਨ ।

**(2) ਭਾਰਤ ਸਰਕਾਰ ਦੇ ਘੱਟ ਗਿਣਤੀਆਂ ਨੂੰ ਵਜ਼ੀਫਾ (ਕੇਂਦਰ ਸਰਕਾਰ ਵੱਲੋਂ)**

ਇਸ ਵਜ਼ੀਫੇ ਲਈ ਕੇਂਦਰ ਸਰਕਾਰ ਦੁਆਰਾ ਘੋਸ਼ਿਤ ਹਦਾਇਤਾਂ ਅਨੁਸਾਰ ਬਿਨੈ-ਪੱਤਰ ਦਿੱਤਾ ਜਾ ਸਕੇਗਾ । ਵਿਦਿਆਰਥੀ scholarships.gov.in ਤੇ ਜਾ ਕੇ ਵਜੀਫੇ ਲਈ ਅਪਲਾਈ ਕਰ ਸਕਦੇ ਹਨ । ਸੂਚਨਾ ਸਮੇਂ ਸਿਰ ਨੋਟਿਸ ਬੋਰਡ ਤੇ ਲਗਾ ਦਿੱਤੀ ਜਾਵੇਗੀ ।

**(3) Inspire Scholarship:**

**ਇਹ ਸਕਾਲਰਸ਼ਿਪ** B.Sc.-I ਦੇ ਉਹਨਾਂ ਵਿਦਿਆਰਥੀਆਂ ਲਈ ਉਪਲਬਧ ਹਨ ਜੋ 10+2 ਕਲਾਸ ਵਿੱਚੋਂ ਬੋਰਡ ਦੀ ਮੈਰਿਟ ਲਿਸਟ ਵਿੱਚੋਂ ਪਹਿਲੇ 1% ਵਿਦਿਆਰਥੀਆਂ ਵਿੱਚ ਆਉਂਦੇ ਹਨ । ਅਪਲਾਈ ਕਰਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੁੰਦੀ ਹੈ, ਪ੍ਰੰਤੂ ਮਿਤੀਆਂ ਦਾ ਨੋਟਿਸ ਸਬੰਧਤ ਕਮੇਟੀ ਕਾਲਜ ਨੋਟਿਸ ਬੋਰਡ ਉੱਪਰ ਲਗਾ ਦੇਵੇਗੀ । ਵਿਦਿਆਰਥੀ "http://www.online-inspire.gov.in/" ਤੇ ਅਪਲਾਈ ਕਰਨਗੇ । ਸਬੰਧਤ ਵਿਦਿਆਰਥੀ ਆਪਣੇ ਬਿਨੈ ਪੱਤਰ ਦਾ ਜਵਾਬ ਸਮੇਂ-ਸਮੇਂ ਸਿਰ ਵੈਬ-ਸਾਈਟ ਤੇ ਚੈੱਕ ਕਰਦੇ ਰਹਿਣਗੇ ।

**(4) UGC ਵਜੀਫਾ ਸਕੀਮਾਂ:–**

i)Post Graduate & Indira Gandhi Single Girl Child Scholarship:- ਆਪਣੇ ਮਾਪਿਆਂ ਦੀ ਇਕਲੌਤੀ ਧੀ ਜੋ ਗ੍ਰੈਜੂਏਟ ਡਿਗਰੀ ਪਾਸ ਕਰਨ ਉਪਰੰਤ ਕਿਸੇ ਵੀ ਪੋਸਟ ਗ੍ਰੈਜੂਏਟ ਨਾਨ-ਪ੍ਰੋਫੈਸ਼ਨਲ ਕੋਰਸ ਵਿੱਚ ਦਾਖਲਾ ਲੈਂਦੀ ਹੈ , ਇਸ ਸਕੀਮ ਤਹਿਤ ਅਪਲਾਈ ਕਰਨ ਯੋਗ ਹੈ।

ii)Post Graduate Merit Scholarship for University Rank Holder:- ਗ੍ਰੈਜੂਏਟ ਡਿਗਰੀ ਵਿੱਚ ਯੂਨੀਵਰਸਿਟੀ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਉਪਰੰਤ ਜੇਕਰ ਕਿਸੇ ਵੀ ਪੋਸਟ ਗ੍ਰੈਜੂਏਟ ਨਾਨ-ਪ੍ਰੋਫੈਸ਼ਨਲ ਕੋਰਸ ਵਿੱਚ ਦਾਖਲਾ ਲੈਂਦੀ ਹੈ , ਇਸ ਸਕੀਮ ਤਹਿਤ ਅਪਲਾਈ ਕਰਨ ਯੋਗ ਹੈ।

(5) Dean College Development Council PU Chandigarh:- 1794/DCDC/DS Dated 27-09-2018

(i) ਘੱਟ ਆਮਦਨ ਵਰਗ ਲਈ ਵਜੀਫੇ

(a) ਮਾਪਿਆਂ ਦੀ ਆਮਦਨ 3 ਲੱਖ **ਤੋਂ** ਵੱਧ ਨਾ ਹੋਵੇ (a) Academic Excellence is the sole criteria

(ii) ਅਪੰਗ ਵਿਦਿਆਰਥੀਆਂ ਲਈ ਵਜੀਫ਼ੇ

(a) Degree of disability will be sole criteria (b) Percentage of Marks in qualifying examination

(iii) ਇਕਲੌਤੀ ਧੀ ਲਈ ਵਜੀਫੇ

(a) Reserve for only girl child

(iv) ਖਿਡਾਰੀਆਂ ਲਈ ਵਜੀਫੇ

(a) Brilliancy in Sports as per PU Rules (b) Percentage of Marks in qualifying examination

(v) ਏਡਜ਼ ਅਤੇ ਕੈਂਸਰ ਪੀੜਤ ਵਿਦਿਆਰਥੀਆਂ ਲਈ ਵਜੀਫੇ

(a) Medical Certificate to be submitted by the patient should be issued by CMO

(b) Percentage of Marks in qualifying examination

**6.** ਕਾਲਜ ਪੱਧਰ ਤੇ ਐਸ.ਏ.ਐਫ. ਦੀ ਸਕੀਮ ਅਧੀਨ ਜ਼ਰੂਰਤਮੰਦ ਅਤੇ ਹੋਣਹਾਰ ਵਿਦਿਆਰਥੀਆਂ ਲਈ ਵਜ਼ੀਫਿਆਂ ਦੀ ਸਹੂਲਤ ਉਪਲੱਬਧ ਹੈ

7. **ਸੋਨੀ ਸਕਾਲਰਸ਼ਿਪ :-**

ਇਹ ਸਕਾਲਰਸ਼ਿਪ ਐਲੂਮਨੀ ਮੈਂਬਰ ਦੁਆਰਾ ਦਿੱਤੀ ਜਾਂਦੀ ਹੈ । ਵਿਦਿਆਰਥੀਆਂ ਦੀ ਚੋਣ ਉਹਨਾਂ ਦੁਆਰਾ ਕੀਤੀ ਜਾਂਦੀ ਹੈ । ਕਾਲਜ ਦੇ ਸਾਬਕਾ ਵਿਦਿਆਰਥੀ ਸ਼੍ਰੀ ਅਜੇ ਸੋਨੀ ਦੁਆਰਾ ਕਾਲਜ ਦੇ ਚੁਣੇ ਹੋਏ ਹੋਣਹਾਰ ਅਤੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਕਾਲਜ ਦੀ ਪੂਰੀ ਫੀਸ (3 ਸਾਲਾਂ ਲਈ) ਪ੍ਰਦਾਨ ਕੀਤੀ ਜਾਂਦੀ ਹੈ ।

8. **ਸੀ.ਐਮ. ਸਕਾਲਰਸ਼ਿਪ (ਕੇਵਲ ਜਰਨਲ ਕੈਟਾਗਿਰੀ ਦੇ ਵਿਦਿਆਰਥੀਆਂ ਲਈ)**

ਪੰਜਾਬ ਸਰਕਾਰ ਵੱਲੋਂ ਜਰਨਲ ਕੈਟੀਗਿਰੀ ਦੇ ਵਿਦਿਆਰਥੀਆਂ ਲਈ ਸੀ.ਐਮ. ਸਕਾਲਰਸ਼ਿਪ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਈ ਜਾਂਦੀ ਹੈ । ਜਿਸ ਵਿੱਚ ਵਿਦਿਆਰਥੀਆਂ ਵੱਲੋਂ ਪ੍ਰਾਪਤ ਕੀਤੇ ਅੰਕਾਂ ਵਿੱਚ Examination Fees ਵਿੱਚ ਛੋਟ ਕੀਤੀ ਜਾਂਦੀ ਹੈ।

**ਨੋਟ:- ਜੇਕਰ ਕਿਸੇ ਵੀ ਹੋਰ ਕਿਸਮ ਦੀ ਸਕਾਲਰਸ਼ਿਪ ਸਕੀਮ ਉਪਲੱਬਧ ਹੋਵੇਗੀ ਤਾਂ ਉਸਦੀ ਸੂਚਨਾ ਸਮੇਂ-ਸਮੇਂ ਤੇ ਕਾਲਜ ਨੋਟਿਸ ਬੋਰਡ ਤੇ ਲਗਾ ਦਿੱਤੀ ਜਾਵੇਗੀ।**

# ਵਿਦਿਆਰਥੀਆਂ ਲਈ ਉਪਲੱਬਧ ਸਹੂਲਤਾਂ

**(I) ਲੜਕੀਆਂ ਦਾ ਹੋਸਟਲ:-**

1. ਲੜਕੀਆਂ ਦੇ ਰਹਿਣ ਲਈ ਹੋਸਟਲ ਦਾ ਖਾਸ ਪ੍ਰਬੰਧ ਹੈ ਅਤੇ **ਇਸਦੀ** ਤਿੰਨ ਮੰਜ਼ਿਲੀ ਹਵਾਦਾਰ ਇਮਾਰਤ ਹੈ ।
2. ਹੋਸਟਲ ਵਿੱਚ ਵਿਦਿਆਰਥੀਆਂ ਨੂੰ ਦਾਖਲਾ ਮੈਰਿਟ **ਅਤੇ ਦੂਰੀ** ਦੇ ਆਧਾਰ ਤੇ ਹੀ ਮਿਲੇਗਾ।
3. ਇਸ ਵਿੱਚ ਵਿਦਿਆਰਥੀਆਂ ਦੇ ਕਮਰਿਆਂ **ਤੋਂ** ਇਲਾਵਾ ਦੋ ਗੈਸਟ ਰੂਮ, ਕਾਮਨ ਰੂਮ, ਕੋਆਪਰੇਟਿਵ ਮੈਸ ਅਤੇ ਡਾਈਨਿੰਗ ਹਾਲ ਹਨ ।
4. ਵਿਦਿਆਰਥੀਆਂ ਲਈ ਹੋਸਟਲ ਵਿੱਚ ਐੱਲ.ਸੀ.ਡੀ., ਵਾਸ਼ਿੰਗ ਮਸ਼ੀਨਾਂ, ਕੰਪਿਊਟਰ, ਰਸਾਲੇ/ਅਖਬਾਰਾਂ, ਵਾਟਰ ਕੂਲਰ (ਆਰ.ਓ. ਸਿਸਟਮ ਨਾਲ), ਗੀਜ਼ਰ ਅਤੇ ਇੰਟਰਨੈੱਟ ਦੀ ਸੁਵਿਧਾ ਉਪਲਬਧ ਹੈ।ਨਿਗਰਾਨੀ ਲਈ ਸੀ.ਸੀ.ਟੀ.ਵੀ. ਕੈਮਰੇ ਲੱਗੇ ਹੋਏ ਹਨ।

**(ii) ਕਾਲਜ ਲਾਇਬ੍ਰੇਰੀ :-ਡਾ.ਸੀ.ਵੀ ਰਮਨ ਲਾਇਬ੍ਰੇਰੀ**

1. ਇਸ ਕਾਲਜ ਦੀ **ਲਾਇਬ੍ਰੇਰੀ** ਵਿੱਚ ਲਗਭਗ 20,000 ਪੁਸਤਕਾਂ ਹਨ । ਰੀਡਿੰਗ ਰੂਮ ਵਿੱਚ ਦੈਨਿਕ ਅਖ਼ਬਾਰ ਅਤੇ ਮੈਗਜ਼ੀਨ ਆਉਂਦੇ ਹਨ।
2. ਲੋੜਵੰਦ ਵਿਦਿਆਰਥੀਆਂ ਨੂੰ ਪੂਰੇ ਸਾਲ ਲਈ ਵਿਭਾਗੀ ਵਿਸ਼ਿਆਂ ਨਾਲ ਸੰਬੰਧਿਤ ਕਿਤਾਬਾਂ ਪੜ੍ਹਨ ਲਈ ਦਿੱਤੀਆਂ ਜਾਂਦੀਆਂ ਹਨ ।
3. ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿੱਚੋਂ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ ਤੇ ਹਰ ਵਿਦਿਆਰਥੀ 14 ਦਿਨਾਂ ਲਈ ਇਹ ਕਿਤਾਬਾਂ ਰੱਖ ਸਕਦਾ ਹੈ । ਵਾਪਸ ਕਰਨ ਵਿੱਚ ਦੇਰੀ ਹੋਣ ਦੀ ਸੂਰਤ ਵਿੱਚ ਜ਼ੁਰਮਾਨਾ ਲਿਆ ਜਾਵੇਗਾ ।
4. ਲਾਇਬ੍ਰੇਰੀ ਪੂਰੀ ਤਰ੍ਹਾਂ Automated ਅਤੇ Air - Conditioner ਹੈ । ਕੋਈ ਵੀ User ਕਿਸੇ ਵੀ ਤਰ੍ਹਾਂ ਦੀ ਕਿਤਾਬ ਸਾਫਟਵੇਅਰ ਤੇ ਸਰਚ ਕਰ ਸਕਦੇ ਹਨ ।

5. ਕਾਲਜ ਵਿੱਚ **E – ਲਾਇਬ੍ਰੇਰੀ** ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ । ਜਿਸ ਵਿੱਚ ONOS ਅਤੇ nlist.inflibnet ਉਪਲਬਧ ਹਨ ।

**(iii) ਕੰਪਿਊਟਰ ਲੈਬ ਅਤੇ ਯੂ.ਜੀ.ਸੀ. ਨੈਟਵਰਕ ਸੈਂਟਰ**

ਕਾਲਜ ਵਿੱਚ ਕੰਪਿਊਟਰ ਲੈਬ ਅਤੇ ਯੂ.ਜੀ.ਸੀ. ਨੈਟਵਰਕ ਸੈਂਟਰ ਉਪਲਬਧ ਹੈ ਜਿਸ ਵਿੱਚ ਵਾਈ-ਫਾਈ ਇੰਟਰਨੈੱਟ ਦੀ ਸੁਵਿਧਾ ਵੀ ਹੈ । ਵਿਦਿਆਰਥੀ ਕਾਲਜ ਸਮੇਂ ਦੌਰਾਨ ਇਸ ਸਹੂਲਤ ਦਾ ਲਾਭ ਉਠਾ ਸਕਦੇ ਹਨ । ਕਾਲਜ ਦੇ ਦਫ਼ਤਰ, **ਲਾਇਬ੍ਰੇਰੀ** ਅਤੇ ਸਾਰੇ ਵਿਭਾਗਾਂ ਵਿੱਚ ਵੀ ਕੰਪਿਊਟਰ ਅਤੇ ਇੰਟਰਨੈੱਟ ਦੀ ਸੁਵਿਧਾ ਹੈ।

**(iv) ਕਾਲਜ ਕੰਟੀਨ**

ਕਾਲਜ ਕੰਟੀਨ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਬੈਠਣ ਦਾ ਪ੍ਰਬੰਧ ਹੈ । ਕਾਲਜ ਕੰਟੀਨ ਵਿੱਚ ਵਾਜ਼ਬੀ ਕੀਮਤਾਂ ਤੇ ਖਾਣ-ਪੀਣ ਦੀਆਂ ਚੀਜ਼ਾਂ ਉਪਲਬਧ ਹਨ ।

**(v) ਮੁੱਢਲੀ ਸਹਾਇਤਾ (First Aid)**

ਬੀਮਾਰ ਹੋਣ ਦੀ ਸੂਰਤ ਵਿੱਚ ਮੁੱਢਲੀ ਸਹਾਇਤਾ ਕਾਲਜ ਵਿੱਚ ਦਿੱਤੀ ਜਾਂਦੀ ਹੈ । ਵਿਦਿਆਰਥੀ ਦੇ ਬੀਮਾਰ ਹੋਣ ਦੀ ਸੂਰਤ ਵਿੱਚ ਉਸਦੇ ਮਾਪਿਆਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਜੋ ਆਪਣੇ ਬੱਚੇ ਦੀ ਦੇਖ-ਰੇਖ ਆਪਣੀ ਨਿਗਰਾਨੀ ਹੇਠ ਕਰ ਸਕਣ ।

**(vi) ਸਰੀਰਕ ਸਿੱਖਿਆ ਅਤੇ ਖੇਡਾਂ**

ਕਾਲਜ ਵਿੱਚ ਫੁੱਟਬਾਲ, ਕ੍ਰਿਕਟ, ਬੈਡਮਿੰਟਨ, ਖੋ-ਖੋ ਆਦਿ ਖੇਡਾਂ ਲਈ ਯੋਗ ਪ੍ਰਬੰਧ ਹੈ ਅਤੇ ਇਸ ਉਦੇਸ਼ ਲਈ ਢੁੱਕਵੇਂ ਖੇਡ ਮੈਦਾਨ ਵੀ ਹਨ । ਹਰ ਅਕਾਦਮਿਕ ਵਰ੍ਹੇਂ ਸਰੀਰਕ ਵਿਕਾਸ ਅਤੇ ਖੇਡਾਂ ਵਿੱਚ ਰੁਚੀ ਲਈ ਫਰਵਰੀ ਮਹੀਨੇ ਵਿੱਚ ਇਕ ਸਲਾਨਾ ਖੇਡ ਸਮਾਰੋਹ ਕਰਵਾਇਆ ਜਾਂਦਾ ਹੈ ਜਿਸ ਵਿੱਚ ਵਿਦਿਆਰਥੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।

**(vii) ਕਾਲਜ ਵਿੱਚ ਸਾਈਕਲ/ਸਕੂਟਰ ਸਟੈਂਡ** :

ਵਿਦਿਆਰਥੀਆਂ ਲਈ ਸਾਈਕਲ/ਸਕੂਟਰਾਂ/ਮੋਟਰ ਸਾਈਕਲਾਂ / ਸਕੂਟਰੀ ਦੇ ਖੜ੍ਹੇ ਕਰਨ ਦਾ ਖਾਸ ਪ੍ਰਬੰਧ ਹੈ ।

## ਸਹਿ ਵਿੱਦਿਅਕ ਗਤੀਵਿਧੀਆਂ

**(i) ਸਹਿ-ਵਿੱਦਿਅਕ ਗਤੀਵਿਧੀਆਂ**

ਅਕਾਦਮਿਕ ਖੇਤਰ ਦੇ ਨਾਲ-ਨਾਲ ਵਿਦਿਆਰਥੀਆਂ ਦੀ ਸ਼ਖਸੀਅਤ ਦੇ ਭਰਪੂਰ ਵਿਕਾਸ ਹਿੱਤ ਇਸ ਕਾਲਜ ਵਿੱਚ ਵੱਖ-ਵੱਖ ਸਹਿ-ਵਿਦਿਅਕ ਗਤੀਵਿਧੀਆਂ ਸਮੇਂ-ਸਮੇਂ ਸਿਰ ਕਰਵਾਈਆਂ ਜਾਂਦੀਆਂ ਹਨ ਜਿਵੇ ਕਿ ਵਰਕਸ਼ਾਪ, ਪ੍ਰਸ਼ਨੋਤਰੀ ਮੁਕਾਬਲਾ, ਸਇੰਸ ਮੇਲਾ, ਕਾਨਫਰੰਸ, ਐਕਸ਼ਟੈਸ਼ਨ ਲੈਕਚਰ, ਸੈਮੀਨਾਰ ਆਦਿ।ਵਿਦਿਆਰਥੀਆਂ ਦੀ ਸਾਇੰਸ ਵਿੱਚ ਰੁਚੀ ਨੂੰ ਹੋਰ ਉਤਸ਼ਾਹਿਤ ਕਰਨ ਲਈ ਉਨ੍ਹਾਂ ਨੂੰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੈਮੀਨਾਰ,ਕਾਨਫਰੰਸ ਅਤੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਕਾਲਜ ਵੱਲੋਂ ਭੇਜਿਆ ਜਾਂਦਾ ਹੈ।

**(ii) ਕਾਲਜ ਮੈਗਜ਼ੀਨ**

ਵਿਦਿਆਰਥੀਆਂ ਵਿੱਚ ਰਚਨਾਤਮਿਕ ਰੁਚੀਆਂ ਨੂੰ ਉਤਸ਼ਾਹਿਤ ਕਰਨ ਲਈ ਕਾਲਜ ਮੈਗਜ਼ੀਨ "ਦਿ-ਸਾਇੰਟਿਸਟ" ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਅੰਗਰੇਜ਼ੀ, ਪੰਜਾਬੀ, ਮੈਥ, ਕਮਿਸਟਰੀ, ਫਿਜ਼ਿਕਸ, ਬਾਟਨੀ, ਜ਼ੁਆਲੋਜੀ, ਇਨਵਾਇਰਮੈਂਟ ਦੇ ਹਰ ਸੈਕਸ਼ਨ ਦੇ ਸੰਪਾਦਕ ਦਾ ਕੰਮ ਇੱਕ **ਅਧਿਆਪਕ ਸਹਿਬਾਨ** ਨੂੰ ਸੌਂਪਿਆ ਜਾਂਦਾ ਹੈ, ਜੋ ਅੱਗੋਂ ਆਪਣੀ ਸਹਾਇਤਾ ਲਈ ਇੱਕ ਵਿਦਿਆਰਥੀ ਸੰਪਾਦਕ ਦੀ ਚੋਣ ਕਰਦੇ ਹਨ । ਸਮੁੱਚੇ ਤੌਰ ਤੇ ਮੁੱਖ ਸੰਪਾਦਕ ਮੈਗਜ਼ੀਨ ਦੀ ਤਿਆਰੀ ਲਈ ਸੇਧ ਦਿੰਦਾ ਹੈ ।

## ਵਿਦਿਆਰਥੀ ਸਹਾਇਤਾ ਸੇਵਾਵਾਂ ਅਤੇ ਕਲੱਬ

**(i) ਕੈਰੀਅਰ ਕੌਂਸਲਿੰਗ ਅਤੇ ਪਲੇਸਮੈਂਟ ਸੈੱਲ**

ਕੈਰੀਅਰ ਗਾਈਡੈਂਸ ਬਿਊਰੋ : ਕਾਲਜ ਵਿੱਚ ਵਿਦਿਆਰਥੀਆਂ ਨੂੰ ਆਪਣਾ ਕੈਰੀਅਰ ਚੁਣਨ ਸਮੇਂ ਮਿੱਥੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਸਲਾਹ ਦੇਣ ਲਈ ਇੱਕ ਕੈਰੀਅਰ ਗਾਈਡੈਂਸ ਵਿੰਗ ਦਾ ਪ੍ਰਬੰਧ ਹੈ । ਭਿੰਨ-ਭਿੰਨ ਕਿੱਤਾਕਾਰੀ ਜਾਂ ਆਮ ਕੋਰਸਾਂ ਵਿੱਚ ਦਾਖ਼ਲੇ ਸੰਬੰਧੀ ਜਾਂ ਨੌਕਰੀਆਂ ਆਦਿ ਸੰਬੰਧੀ ਜਾਣਕਾਰੀ ਇੱਥੋਂ ਪ੍ਰਾਪਤ ਕੀਤੀ ਜਾ ਸਕਦੀ ਹੈ । ਇਹ ਬਿਊਰੋ ਭਿੰਨ-ਭਿੰਨ ਕੈਰੀਅਰ ਵਿਸ਼ਿਆਂ ਸੰਬੰਧੀ ਸੈਮੀਨਾਰਾਂ ਅਤੇ ਭਾਸ਼ਣਾਂ ਆਦਿ ਦਾ ਵੀ ਆਯੋਜਨ ਕਰਦਾ ਹੈ । ਸਮੇਂ-ਸਮੇਂ ਸਿਰ ਵਿਦਿਆਰਥੀਆਂ ਨੂੰ ਕੈਰੀਅਰ ਸੰਬੰਧੀ ਸੇਧ ਦੇਣ ਲਈ ਅਲੱਗ-ਅਲੱਗ ਪ੍ਰੋਗਰਾਮ ਵੀ ਉਲੀਕੇ ਜਾਂਦੇ ਹਨ ।IOL ਬਰਨਾਲਾ ਕੰਪਨੀ ਦੁਆਰਾ ਵਿਦਿਆਰਥੀਆਂ ਦੀ ਚੋਣ ਕਰਕੇ ਕਾਲਜ ਪਲੇਸਮੈਂਟ ਕੀਤੀ ਜਾਂਦੀ ਹੈ ।

**(ii) ਪ੍ਰਸਨਲ ਗਾਇਡੈਂਸ ਬਿਊਰੋ**

ਕਾਲਜ ਵਿੱਚ ਵਿਦਿਆਰਥੀ ਦੀਆਂ ਵਿਅਕਤੀਗਤ ਸਮੱਸਿਆਵਾਂ ਦੇ ਯੋਗ ਸਮਾਧਾਨ ਲਈ ਸੀਨੀਅਰ ਅਤੇ ਸੁਯੋਗ ਪ੍ਰਾਧਿਆਪਕਾਂ ਵੱਲੋਂ ਅਗਵਾਈ ਪ੍ਰਦਾਨ ਕੀਤੀ ਜਾਂਦੀ ਹੈ ।

**(iii) ਸ਼ਿਕਾਇਤ ਨਿਵਾਰਣ ਸੈੱਲ**

**ਕਾਲਜ** ਦੇ ਅਦਾਕਮਿਕ ਮਾਹੌਲ ਨੂੰ ਹੋਰ ਵੀ ਸੁਹਜ ਪ੍ਰਦਾਨ ਕਰਨ ਲਈ ਕਾਲਜ ਦੇ ਸੀਨੀਅਰ ਪ੍ਰਾਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਦਿੱਤੇ ਸੁਝਾਅ / ਸ਼ਿਕਾਇਤਾਂ ਦੇ ਆਧਾਰ ਤੇ ਤੁਰੰਤ ਬਣਦੀ ਕਾਰਵਾਈ ਕੀਤੀ ਜਾਂਦੀ ਹੈ ।

**(iv) ਸੈਕਸ਼ੁਅਲ ਹਰਾਸਮੈਂਟ ਪਰੀਵੈਸ਼ਨ ਸੈੱਲ**

ਕਾਲਜ ਵਿੱਚ ਸਭਿਅਕ ਅਤੇ ਸੁਖਾਵਾਂ ਸਹਿ-ਵਿਦਿਅਕ ਵਾਤਾਵਰਣ ਤਿਆਰ ਕਰਨ ਲਈ ਇਹ ਸੈੱਲ ਸਥਾਪਤ ਕੀਤਾ ਗਿਆ ਹੈ ।

**(v) ਲੀਗਲ ਲਿਟਰੇਸੀ ਸੈੱਲ**

ਵਿਦਿਆਰਥੀਆਂ ਵਿੱਚ ਕਾਨੂੰਨਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਇਸ ਕਲੱਬ ਦੀ ਸਥਾਪਨਾ ਕੀਤੀ ਜਾਂਦੀ ਹੈ ।

**(vi) ਬਰਾਬਰ ਅਵਸਰ ਦੇਣ ਵਾਲੀ ਸੰਸਥਾ (Equal Opportunity Cell):-**ਯੂ. ਜੀ.ਸੀ ਦੀਆਂ ਸ਼ਰਤਾਂ ਮੁਤਾਬਿਕ ਕਾਲਜ ਵਿਖੇ ਸਾਰੇ ਵਿਦਿਆਰਥੀਆਂ ਨੂੰ **ਬਰਾਬਰ** ਅਵਸਰ ਪ੍ਰਦਾਨ ਕਰਨ ਵਾਲੀ ਸੰਸਥਾ ਦਾ ਗਠਨ ਕੀਤਾ ਗਿਆ ਹੈ । ਇਸ ਸੰਸਥਾ ਦਾ ਮੁੱਖ ਉਦੇਸ਼ ਕਾਲਜ ਵਿੱਚ ਆਉਣ ਵਾਲੇ ਹਰ ਵਿਦਿਆਰਥੀ ਨੂੰ ਭਾਵੇਂ ਉਹ ਕਿਸੇ ਵੀ ਜਾਤ ਜਾਂ ਧਰਮ, ਕਿਸੇ ਵੀ ਸੱਭਿਆਚਾਰਕ ਸੰਸਥਾ ਦਾ ਹਿੱਸਾ ਹੋਵੇ, ਸਭ ਨੂੰ ਇੱਕ ਸਾਮਾਨ ਸਨਮਾਨ ਦਿੱਤਾ ਜਾਂਦਾ ਹੈ ਅਤੇ ਇੱਕ ਸਾਮਾਨ ਹੀ ਉਹਨਾਂ ਨੂੰ ਅੱਗੇ ਵਧਣ ਦੇ ਮੌਕੇ ਪ੍ਰਦਾਨ ਕੀਤਾ ਜਾਂਦੇ ਹਨ।

**(vii) ਵੂਮਨ ਫੋਰਮ:-**ਕਾਲਜ ਦੀਆਂ ਵਿਦਿਆਰਥਣਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ ਅਤੇ ਸਮੱਸਿਆਵਾਂ ਨੂੰ ਆਪਣੇ ਅਧਿਆਪਕਾਂ ਨਾਲ ਸਾਂਝਾ ਕਰਨ ਲਈ ਤੇ ਜ਼ਿੰਦਗੀ ਵਿੱਚ ਅੱਗੇ ਵਧਣ ਦੀ ਪ੍ਰੇਰਣਾ ਦੇਣ ਲਈ ਇਸ ਫੋਰਮ ਦਾ ਗਠਨ ਕੀਤਾ ਗਿਆ ਹੈ। ਇਸ ਫੋਰਮ ਦੁਆਰਾ ਵੱਖ ਵੱਖ ਪ੍ਰੋਗਰਾਮ ਉਲੀਕ ਕੇ ਇਲਾਕੇ ਦੀਆਂ ਨਾਮਵਰ ਔਰਤਾਂ ਨੂੰ ਕਾਲਜ **ਬੁਲਾਇਆ** ਜਾਂਦਾ ਹੈ ਤਾਂ ਜੋ ਵਿਦਿਆਰਥਣਾਂ ਨੂੰ ਜੀਵਨ ਵਿੱਚ ਸਹੀ ਸੇਧ ਦਿੱਤੀ ਜਾ ਸਕੇ।

(viii) **Students Standard Club:- ਵਿਦਿਆਰਥੀਆਂ ਦੀ ਸਹਾਇਤਾ ਲਈ ਇਸ ਕਲੱਬ ਦਾ ਗਠਨ ਕੀਤਾ ਗਿਆ। ਇਸ ਕਲੱਬ ਦਾ ਮੁੱਖ ਉਦੇਸ਼ ਇੱਕ ਸਿੱਖਿਆ ਸੰਸਥਾ ਵਿਚ ਇਕ ਮਿਆਰੀ ਕਲੱਬ ਦੇ ਰੂਪ ਵਿਚ ਆਪਸੀ ਸਹਿਯੋਗ ਰਾਹੀ ਗੁੱਣਵੱਤਾ ਅਤੇ ਮਾਨਵੀਕਰਨ ਦੇ ਖੇਤਰ ਵਿਚ ਸਿੱਖਣ ਦੇ ਮੌਕੇ ਪ੍ਰਦਾਨ ਕਰਨਾ ਹੈ। ਉਹਨਾਂ ਨੇ ਇਸ ਰਾਹੀਂ ਸਟੈਂਡਰਸ ਦੇ ਜ਼ੋਰ ਦਿੱਤਾ,ਇਹ ਕਲੱਬ ਅਸਲ ਵਿਚ ਮਿਆਰਾਂ ਬਾਰੇ ਗਿਆਨ ਲਈ ਇਕ ਮਜ਼ਬੂਤ ਪਲੇਟਫਾਰਮ ਵਜੋਂ ਕੰਮ ਕਰੇਗਾ।**

**(ix) ਰੈੱਡ ਰਿਬਨ ਕਲੱਬ:-** ਏਡਜ, ਕੈਂਸਰ ਅਤੇ ਅਪੰਗਤਾ ਵਰਗੀਆਂ ਭਿਆਨਕ ਬਿਮਾਰੀਆਂ ਦੀ ਰੋਕਥਾਮ ਲਈ ਅਤੇ ਵਿਦਿਆਰਥੀਆਂ ਵਿੱਚ ਇਸ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਰੈੱਡ ਰਿਬਨ ਕਲੱਬ ਸਥਾਪਿਤ ਕੀਤਾ ਗਿਆ ਹੈ। ਇਸ ਕਲੱਬ ਦਾ ਮੁੱਖ ਮੰਤਵ ਅਧਿਆਪਕਾਂ ਦੁਆਰਾ ਵਿਸ਼ੇਸ਼ ਲੈਕਚਰ ਜਾਂ ਗਤੀਵਿਧੀਆਂ ਰਾਹੀ ਇਸ ਬਿਮਾਰੀ ਦੇ ਕਾਰਨਾਂ ਅਤੇ ਲੱਛਣਾਂ ਬਾਰੇ ਜਾਣਕਾਰੀ ਦੇਣਾ ਹੈ।

**(x) ਰੈੱਡ ਕਰਾਸ ਸੁਸਾਇਟੀ:-** ਵਿਦਿਆਰਥੀਆਂ ਵਿੱਚ ਮਾਨਵਤਾ ਲਈ ਸੇਵਾ ਭਾਵ ਪੈਦਾ ਕਰਨ ਲਈ ਕਾਲਜ ਵਿਖੇ ਇਸ ਸੁਸਾਇਟੀ ਦਾ ਗਠਨ ਕੀਤਾ ਗਿਆ ਹੈ। ਇਸ ਸੁਸਾਇਟੀ ਦੁਆਰਾ ਵੱਖ ਵੱਖ ਗਤੀਵਿਧੀਆਂ ਅਤੇ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ।

**(xi) ਏਕ ਭਾਰਤ ਸ੍ਰੇਸ਼ਟ ਭਾਰਤ :-** ਭਾਰਤ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਵਿਦਿਆਰਥੀ ਦੂਸਰੇ ਪ੍ਰਾਂਤਾ ਦੇ ਸੱਭਿਆਚਾਰ ਅਤੇ ਭਾਸ਼ਾ ਨੂੰ ਸਮਝ ਸਕਣ । ਇਸ ਲਈ ਇਸ ਕਲੱਬ ਦਾ ਗਠਨ ਕੀਤਾ ਗਿਆ ਹੈ । ਇਹ ਅਜਿਹੀ ਭਾਵਨਾ ਹੈ ਜਿਸਦੇ ਤਹਿਤ ਵੱਖ-ਵੱਖ ਸੱਭਿਆਚਾਰਕ ਇਕਾਈਆਂ, ਵੱਖੋ - ਵੱਖਰੀ ਭੂਗੋਲਿਕ ਖੇਤਰਾਂ ਵਿੱਚ ਪਹੁੰਚ ਕੇ, ਇੱਕ ਦੂਜੇ ਨਾਲ ਜੁੜਦੀਆਂ ਅਤੇ ਸੰਵਾਦ ਕਰਦੀਆਂ ਹਨ ।

**(xii) ਅੰਦਰੂਨੀ ਪਾਲਣਾ ਕਮੇਟੀ :**

ਔਰਤਾਂ ਨੂੰ ਪੜ੍ਹਾਈ ਲਈ ਅਨੁਕੂਲ ਵਾਤਾਵਰਣ ਪ੍ਰਦਾਨ ਕਰਨ ਲਈ ਅਤੇ ਸਾਰੇ ਨਿਯਮਾਂ ਨੂੰ ਮੰਨਣਾ ਸੁਨਿਸ਼ਚਿਤ ਕਰਨ ਲਈ ਇਸ ਕਮੇਟੀ ਦਾ ਗਠਨ ਕੀਤਾ ਗਿਆ ਹੈ ।

# ਕਾਲਜ ਦੀਆਂ ਕਾਰਜਸ਼ੀਲ ਸਭਾਵਾਂ

**(i) <u>ਮਾਪੇ ਅਧਿਆਪਕ ਸੰਸਥਾ /PTA</u>**

1. ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਨਿਯਮਾਂ ਅਨੁਸਾਰ ਕਾਲਜ ਵਿੱਚ ਮਾਪੇ ਅਧਿਆਪਕ ਸੰਸਥਾ (ਪੀ.ਟੀ.ਏ.) ਕਾਇਮ ਹੈ ।

2. ਇਸਦਾ ਉਦੇਸ਼ ਵਿਦਿਆਰਥੀਆਂ ਲਈ ਵੱਧ ਤੋਂ ਵੱਧ ਵਿੱਦਿਅਕ ਅਤੇ ਹੋਰ ਸਹੂਲਤਾਂ ਉਪਲੱਬਧ ਕਰਵਾਉਣਾ ਹੈ।

3. ਇਸ ਸੰਸਥਾ ਦੇ ਮੈਂਬਰ ਸਾਰੇ ਵਿਦਿਆਰਥੀਆਂ ਦੇ ਮਾਪੇ ਅਤੇ ਕਾਲਜ ਦੇ ਅਧਿਆਪਕ ਹੁੰਦੇ ਹਨ ।

4. ਹਰ ਸਾਲ ਇਸਦੇ ਮੈਂਬਰ ਜਨਰਲ ਬਾਡੀ ਮੀਟਿੰਗ ਕਰਕੇ ਆਪਣੇ 'ਚੋਂ ਅਹੁਦੇਦਾਰ ਚੁਣਦੇ ਹਨ । ਇਹ ਅਹੁਦੇਦਾਰ ਵਿਦਿਆਰਥੀਆਂ ਦੀ ਭਲਾਈ ਲਈ ਸਕੀਮਾਂ ਤਿਆਰ ਕਰਕੇ ਉਹਨਾਂ ਨੂੰ ਪੂਰਾ ਕਰਦੇ ਹਨ ।

5. ਇਸ ਸੰਸਥਾ ਦੀ ਜਨਰਲ ਬਾਡੀ ਮੀਟਿੰਗ ਵਿੱਚ ਸ਼ਾਮਲ ਹੋਣਾ ਮਾਪਿਆਂ ਅਤੇ ਅਧਿਆਪਕਾਂ ਲਈ ਲਾਜ਼ਮੀ ਹੈ ।

**(ii) <u>ਸਟਾਫ਼ ਕੌਂਸਲ:–</u>** ਕਾਲਜ ਵਿੱਚ ਅਕਾਦਮਿਕ, ਅਨੁਸ਼ਾਸਨ, ਸੱਭਿਆਚਾਰਕ ਅਤੇ ਖੇਡਾਂ ਸਬੰਧੀ ਮਸਲਿਆਂ ਤੇ ਵਿਚਾਰ ਕਰਨ ਅਤੇ ਨੀਤੀ-ਨਿਰਧਾਰਨ ਲਈ ਇੱਕ ਸਟਾਫ਼ ਕੌਂਸਲ ਕਾਇਮ ਕੀਤੀ ਗਈ ਹੈ, ਜਿਸ ਵਿੱਚ **ਕਾਲਜ ਡਾਇਰੈਕਟਰ** ਅਤੇ **ਪੰਜ ਸੀਨੀਅਰ ਅਧਿਆਪਕ** ਸ਼ਾਮਲ ਹਨ । ਇਸ ਕੌਂਸਲ ਦਾ ਹਰ ਫੈਸਲਾ ਅੰਤਿਮ ਹੁੰਦਾ ਹੈ ।

**(iii) <u>ਇੰਨਟਰਨਲ ਕੁਆਲਿਟੀ</u>** <u>Assurance</u> **<u>ਸੈੱਲ</u>**:– ਕਾਲਜ ਵਿਖੇ ਇੰਨਟਰਨਲ ਕੁਆਲਿਟੀ <u>Assurance</u> ਸੈੱਲ ਦਾ ਗਠਨ ਕੀਤਾ ਗਿਆ ਹੈ। ਇਹ ਸੈੱਲ ਇਹ ਸੁਨਿਸ਼ਚਿਤ ਕਰਦਾ ਹੈ ਕਿ ਵਿਦਿਆਰਥੀਆਂ ਨੂੰ ਸਹੀ ਅਤੇ ਉੱਚ ਪੱਧਰੀ ਸਿੱਖਿਆ ਪ੍ਰਦਾਨ ਕੀਤੀ ਜਾਵੇ।

**(iv) <u>ਵਿਦਿਆਰਥੀ ਕੌਂਸਲ :–</u>**

1. ਕਾਲਜ ਦੇ ਪ੍ਰਬੰਧ ਨੂੰ ਬਿਹਤਰ ਬਣਾਉਣ ਅਤੇ ਵਿਦਿਆਰਥੀਆਂ ਅਤੇ ਕਾਲਜ ਪ੍ਰਸ਼ਾਸਨ ਵਿੱਚ ਤਾਲਮੇਲ, ਸਾਂਝ ਅਤੇ ਨੇੜਤਾ ਵਧਾਉਣ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਇਹ ਕੌਂਸਲ ਬਣਾਈ ਜਾਂਦੀ ਹੈ ।

2. ਕਾਲਜ ਦੇ ਡਾਇਰੈਕਟਰ ਇਸਦੇ ਸਰਪ੍ਰਸਤ ਹੁੰਦੇ ਹਨ । ਇਸ ਤੋਂ ਇਲਾਵਾ ਇਸਦੀ ਅਗਵਾਈ ਲਈ ਕਾਲਜ ਦੇ ਅਧਿਆਪਕ ਵੀ ਨਾਮਜ਼ਦ ਕੀਤੇ ਜਾਂਦੇ ਹਨ ।

3. ਹੈੱਡ ਵਿਦਿਆਰਥੀ, ਡਿਪਟੀ ਹੈੱਡ ਵਿਦਿਆਰਥੀ, ਸਕੱਤਰ ਅਤੇ ਸਹਿ-ਸਕੱਤਰ, ਵੱਖ-ਵੱਖ ਜਮਾਤਾਂ ਦੇ ਪ੍ਰਤੀਨਿੱਧ, ਖੇਡ ਪ੍ਰਧਾਨ, ਹੋਸਟਲ ਹੈੱਡਗਰਲ, ਸਭਿਆਚਾਰਕ ਅਤੇ ਵਿਸ਼ਾ ਸਭਾਵਾਂ ਦੇ ਪ੍ਰਧਾਨ, ਐਨ.ਐਸ.ਐਸ. ਯੂਨਿਟ ਪ੍ਰਧਾਨ, ਕਾਲਜ ਮੈਗਜ਼ੀਨ ਐਡੀਟਰਜ਼ ਆਦਿ ਅਤੇ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਕਲਾਸ ਵਿੱਚੋਂ ਪ੍ਰਥਮ ਰਹਿਣ ਵਾਲੇ ਵਿਦਿਆਰਥੀ ਇਸ ਕੌਂਸਲ ਦੇ ਮੈਂਬਰ ਹੁੰਦੇ ਹਨ।

4. ਡਾਇਰੈਕਟਰ ਸਾਹਿਬ ਅਤੇ ਸਟਾਫ਼ ਕੌਂਸਲ ਦੁਆਰਾ ਵਿੱਦਿਅਕ, ਲੀਡਰਸ਼ਿਪ ਅਤੇ ਸਮਾਰੋਹ ਆਯੋਜਿਤ ਕਰਨ ਦੀਆਂ ਯੋਗਤਾਵਾਂ ਦੇ ਆਧਾਰ 'ਤੇ ਨਾਮਜ਼ਦ ਕੀਤੇ ਗਏ ਵਿਦਿਆਰਥੀਆਂ ਵਿੱਚੋਂ ਕਾਲਜ ਦੇ ਹੈੱਡ ਵਿਦਿਆਰਥੀ ਅਤੇ ਡਿਪਟੀ ਹੈੱਡ ਵਿਦਿਆਰਥੀ ਦੀ ਚੋਣ ਕੀਤੀ ਜਾਂਦੀ ਹੈ ।

**(v) <u>ਵਿਸ਼ਾ ਸਭਾਵਾਂ:–</u>**ਸਾਇੰਸ ਦੇ ਵਿਸ਼ਿਆਂ ਨਾਲ ਸੰਬੰਧਿਤ ਸੋਸਾਇਟੀਜ਼ ਕਾਲਜ ਵਿੱਚ ਕਿਰਿਆਸ਼ੀਲ ਹਨ ਜਿਹੜੀਆਂ ਕਿ ਵਿਦਿਆਰਥੀਆਂ ਵਿੱਚ ਡੂੰਘੀ ਪ੍ਰਤਿਭਾ ਨੂੰ ਰੂਪਮਾਨ ਕਰਨ ਵਿੱਚ ਅਹਿਮ ਯੋਗਦਾਨ ਪਾ ਰਹੀਆਂ ਹਨ। ਇਹ ਸੋਸਾਇਟੀਜ਼ ਹਰ ਸਾਲ ਆਪਣੇ ਸਾਲਾਨਾ ਸਮਾਗਮ ਕਰਵਾਉਦੀਆਂ ਹਨ। ਜਿਸ ਵਿੱਚ ਵਿਦਿਆਰਥੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।

**<u>(VI) ਅਲੂਮਨੀ ਐਸੋਸੀਏਸ਼ਨ :–</u> ਕਾਲਜ ਨੇ ਆਪਣੇ ਪੁਰਾਣੇ ਵਿਦਿਆਰਥੀਆਂ ਨਾਲ ਸਦਾ ਲਈ ਰਾਬਤਾ ਕਾਇਮ ਰੱਖਣ ਲਈ ਇਕ ਰਜਿਸਟਰਡ ਐਲੂਮਨੀ ਸੰਸਥਾ ਦਾ ਗਠਨ ਕੀਤਾ ਹੈ।ਇਸ ਵਿਚ ਸਮੇਂ-ਸਮੇਂ ਸਿਰ ਬੈਠਕਾਂ ਅਤੇ ਕਾਲਜ ਨੂੰ ਹੋਰ ਵਧੇਰੇ ਉਸਾਰੂ ਬਣਾਉਣ ਲਈ ਵਿਸਥਾਰ ਪੂਰਵਕ ਚਰਚਾ ਹੁੰਦੀ ਰਹਿੰਦੀ ਹੈ ।**

# ਸਮਾਜਿਕ ਇਕਾਈਆਂ

**(I) <u>ਬੱਡੀ ਗਰੁੱਪ</u>:–** ਪੰਜਾਬ ਸਰਕਾਰ ਦੇ ਐਂਟੀ ਨਾਰਕੋਟਿਕ ਸੈੱਲ ਦੀਆਂ ਹਦਾਇਤਾਂ ਅਨੁਸਾਰ ਨਸ਼ਿਆਂ ਦੀ ਰੋਕਥਾਮ ਲਈ ਕਾਲਜ ਵਿੱਚ ਵਿਦਿਆਰਥੀਆਂ ਦੇ ਬੱਡੀ ਗਰੁੱਪਾਂ ਦਾ ਗਠਨ ਕੀਤਾ ਗਿਆ ਹੈ ਜਿਸ ਵਿੱਚ ਸਮੇਂ ਸਮੇਂ ਸਿਰ ਮੀਟਿੰਗ ਕਰਕੇ ਉਨ੍ਹਾਂ ਨੂੰ ਨਸ਼ਿਆਂ **ਤੋਂ** ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਕਲਾਸ ਗਰੁੱਪ ਦਾ ਅਧਿਆਪਕ ਇੰਚਾਰਜ ਉਸ ਕਲਾਸ ਗਰੁੱਪ ਦਾ ਸੀਨੀਅਰ ਬੱਡੀ ਹੋਵੇਗਾ।

(ii) **<u>ਐਨ.ਐਸ.ਐਸ. ਯੂਨਿਟ</u>:–** ਕਾਲਜ ਵਿੱਚ ਐਨ.ਐਸ.ਐਸ. ਦੇ 200 **ਵਲੰਟੀਅਰਾਂ ਦੇ** 2 ਯੂਨਿਟ ਹਨ ।ਯੂਨਿਟ ਦੇ **ਪ੍ਰੋਗਰਾਮ** ਅਫਸਰ ਦੀ ਰਹਿਨੁਮਾਈ ਹੇਠ ਇੱਕ **ਰੋਜਾ** ਅਤੇ ਸੱਤ ਰੋਜਾ ਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ। ਇਹਨਾਂ ਕੈਂਪਾਂ ਦੁਆਰਾ ਵਿਦਿਆਰਥੀਆਂ ਵਿੱਚ ਸਮਾਜ ਸੇਵਾ ਦੀ ਭਾਵਨਾ ਜਗਾਈ ਜਾਂਦੀ ਹੈ ਅਤੇ ਉਨ੍ਹਾਂ ਦੀ **ਹੌਸਲਾ** ਅਫਜਾਈ ਲਈ ਪ੍ਰਮਾਣ-ਪੱਤਰ ਪ੍ਰਦਾਨ ਕੀਤੇ ਜਾਂਦੇ ਹਨ ।

# ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ

**ਵਿੱਦਿਅਕ, ਸੱਭਿਆਚਾਰਕ ਅਤੇ ਖੇਡਾਂ** ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਯੋਗਤਾ ਅਨੁਸਾਰ ਰੋਲ ਆਫ ਆਨਰ, ਕਾਲਜ ਕਲਰ, ਮੈਰਿਟ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਦਿੱਤੇ ਜਾਂਦੇ ਹਨ ।

## (I) ਵਿੱਦਿਅਕ/ਅਕਾਦਮਿਕ ਖੇਤਰ

**1) ਰੋਲ ਆਫ ਆਨਰ :**

ਗਰੈਜੂਏਟ(ਆਨਰਜ਼ ਕੋਰਸ) ਅਤੇ ਪੋਸਟ ਗਰੈਜੂਏਟ ਕਲਾਸਾਂ ਦੇ ਆਖ਼ਰੀ ਸਾਲ ਦੇ ਇਮਤਿਹਾਨ ਵਿੱਚ ਯੂਨੀਵਰਸਿਟੀ ਦੀ ਸਾਂਝੀ ਮੈਰਿਟ ਲਿਸਟ ਦੇ ਪਹਿਲੇ 5 ਸਥਾਨਾਂ ਵਿੱਚੋਂ ਕੋਈ ਇੱਕ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ ।

**ਨੋਟ: ਵਿੱਦਿਅਕ ਖੇਤਰ ਵਿੱਚ ਰੋਲ ਆਫ਼ ਆਨਰ ਕੇਵਲ ਫਾਈਨਲ ਕਲਾਸ ਵਿੱਚ ਹੀ ਮਿਲਦਾ ਹੈ ਜੋ ਕਿ ਪੰਜਾਬ ਯੂਨੀਵਰਸਿਟੀ ਦੇ ਰੀ-ਇਵੈਲੂਏਸ਼ਨ ਨਤੀਜਿਆਂ ਦੇ ਘੋਸ਼ਿਤ ਹੋਣ ਅਤੇ ਯੂਨੀਵਰਸਿਟੀ ਦੀ ਕਨਵੋਕੇਸ਼ਨ ਸੰਪੰਨ ਹੋਣ ਤੋਂ ਬਾਅਦ ਅਗਲੇ ਸਾਲ ਦਿੱਤਾ ਜਾਵੇਗਾ ।**

2) **ਮੈਰਿਟ ਸਰਟੀਫਿਕੇਟ** :-

1. ਗਰੈਜੂਏਟ ਕਲਾਸਾਂ ਦੇ ਪਹਿਲਾ ਅਤੇ ਦੂਸਰਾ ਅਤੇ ਪੋਸਟ ਗਰੈਜੂਏਟ ਕਲਾਸਾਂ ਦੇ ਪਹਿਲੇ ਸਾਲ ਦੇ ਇਮਤਿਹਾਨ ਵਿੱਚ ਯੂਨੀਵਰਸਿਟੀ ਮੈਰਿਟ ਦੀਆਂ ਪਹਿਲੀਆਂ 5 ਪੁਜ਼ੀਸ਼ਨਾਂ ਵਿੱਚੋਂ ਕੋਈ ਇੱਕ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਇਹ ਸਰਟੀਫਿਕੇਟ ਦਿੱਤਾ ਜਾਂਦਾ ਹੈ ।

**ਨੋਟ : ਵਿੱਦਿਅਕ ਮੈਰਿਟ ਸਰਟੀਫਿਕੇਟ ਪੰਜਾਬ ਯੂਨੀਵਰਸਿਟੀ ਦੇ ਰੀ-ਇਵੈਲੂਏਸ਼ਨ ਦੇ ਨਤੀਜਿਆਂ ਦੇ ਘੋਸ਼ਿਤ ਹੋਣ ਤੋਂ ਬਾਅਦ ਦਿੱਤਾ ਜਾਵੇਗਾ ।**

## (II) ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ

**1) ਰੋਲ ਆਫ਼ ਆਨਰ**

1. ਅੰਤਰ ਜ਼ੋਨਲ/ਯੂਨੀਵਰਸਿਟੀ/ਅੰਤਰ ਯੂਨੀਵਰਸਿਟੀ/ਰਾਜ/ਰਾਸ਼ਟਰ ਪੱਧਰ ਦੇ ਮੁਕਾਬਲਿਆਂ ਵਿੱਚ ਵਿਅਕਤੀਗਤ ਜਾਂ ਗਰੁੱਪ ਆਈਟਮਾਂ ਵਿੱਚ **ਪਹਿਲਾ** ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ।
2. ਅੰਤਰ-ਕਾਲਜ ਮੁਕਾਬਲਿਆਂ ਵਿੱਚ ਘੱਟੋ-ਘੱਟ 25 ਅੰਕ (ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਲਈ ਕ੍ਰਮਵਾਰ 5, 3 ਅਤੇ 2 ਅੰਕ ਮੰਨ ਕੇ) ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ।
3. ਸਰਕਾਰ ਜਾਂ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਸੰਸਥਾਵਾਂ ਦੁਆਰਾ ਆਯੋਜਿਤ ਕੌਮੀ ਪੱਧਰ ਦੇ ਕਿਸੇ ਵੀ ਕੈਂਪ ਜਾਂ ਮੁਕਾਬਲੇ ਵਿੱਚ ਸਰਵੋਤਮ ਘੋਸ਼ਿਤ ਹੋਣ ਵਾਲੇ ਵਿਦਿਆਰਥੀ ਨੂੰ ।

**2) ਕਾਲਜ ਕਲਰ :-**

1. ਅੰਤਰਜ਼ੋਨਲ/ਯੂਨੀਵਰਸਿਟੀ/ ਅੰਤਰ ਯੂਨੀਵਰਸਿਟੀ/ਰਾਜ/ਰਾਸ਼ਟਰ ਪੱਧਰ ਤੇ ਮੁਕਾਬਲਿਆਂ ਵਿੱਚ ਵਿਅਕਤੀਗਤ ਜਾਂ ਗਰੁੱਪ ਆਈਟਮਾਂ ਵਿੱਚ ਦੂਸਰਾ ਜਾਂ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ।
2. ਜ਼ੋਨਲ ਯੂਥ ਫੈਸਟੀਵਲ ਵਿੱਚ ਗਰੁੱਪ ਜਾਂ ਵਿਅਕਤੀਗਤ ਆਈਟਮ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ
3. ਅੰਤਰ-ਕਾਲਜ ਮੁਕਾਬਲਿਆਂ ਵਿੱਚ 20-24 ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ।
4. ਸਰਕਾਰ ਜਾਂ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਸੰਸਥਾਵਾਂ ਦੁਆਰਾ ਆਯੋਜਿਤ ਕੌਮੀ ਪੱਧਰ ਦੇ ਕਿਸੇ ਵੀ ਕੈਂਪ ਜਾਂ ਮੁਕਾਬਲੇ ਵਿੱਚ ਸਰਵੋਤਮ ਘੋਸ਼ਿਤ ਹੋਣ ਵਾਲੀ ਟੀਮ ਦੇ ਮੈਂਬਰ ਵਿਦਿਆਰਥੀ ਨੂੰ ।
5. ਆਪਣੀ ਮੌਲਿਕ ਪੁਸਤਕ ਪ੍ਰਕਾਸ਼ਿਤ ਕਰਨ ਵਾਲੇ ਵਿਦਿਆਰਥੀ ਨੂੰ ।

**3) ਮੈਰਿਟ ਸਰਟੀਫਿਕੇਟ :**

1. ਜ਼ੋਨਲ ਪੱਧਰ ਦੇ ਮੁਕਾਬਲਿਆਂ ਵਿੱਚ ਵਿਅਕਤੀਗਤ ਜਾਂ ਗਰੁੱਪ ਆਈਟਮਾਂ ਵਿੱਚ ਦੂਸਰਾ ਜਾਂ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ।
2. ਅੰਤਰ ਕਾਲਜ ਮੁਕਾਬਲਿਆਂ ਵਿੱਚ 15-19 ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ।
3. ਐਨ.ਐਸ.ਐਸ. ਯੂਨਿਟ ਵਿੱਚ ਸਮੁੱਚੇ ਤੌਰ ਤੇ ਚੰਗੇਰੀ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕਰਨ ਵਾਲੇ ਵਿਸ਼ੇਸ਼ ਵਿਦਿਆਰਥੀਆਂ ਨੂੰ, ਜਿੰਨ੍ਹਾ ਦਾ ਨਿਰਣਾ ਇੰਚਾਰਜ ਸਮੇਤ, ਕਾਲਜ ਡਾਇਰੈਕਟਰ ਵੱਲੋਂ ਗਠਿਤ ਕਮੇਟੀ ਕਰੇਗੀ ।
4. ਇਸ ਤੋਂ ਇਲਾਵਾ ਨਿਮਨ ਲਿਖਿਤ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਅਨੁਸਾਰ ਅੰਕ ਪ੍ਰਦਾਨ ਕੀਤੇ ਜਾਣਗੇ ।
5. ਅਖ਼ਬਾਰ/ਮੈਗਜ਼ੀਨ ਵਿੱਚ ਪ੍ਰਕਾਸ਼ਿਤ ਰਚਨਾ ਲਈ ਅੰਕ, ਲੋਕਲ ਪੱਧਰ ਦੇ ਅਖ਼ਬਾਰ / ਮੈਗਜ਼ੀਨ ਵਿੱਚ ਪ੍ਰਕਾਸ਼ਿਤ ਰਚਨਾ ਲਈ ਦੋ ਅੰਕ, ਰਾਜ ਪੱਧਰ ਦੇ ਅਖ਼ਬਾਰ/ਮੈਗਜ਼ੀਨ ਵਿੱਚ ਪ੍ਰਕਾਸ਼ਿਤ ਰਚਨਾ ਲਈ ਤਿੰਨ ਅੰਕ ਅਤੇ ਰਾਸ਼ਟਰ/ਰਸਾਲੇ ਵਿੱਚ ਪ੍ਰਕਾਸ਼ਿਤ ਰਚਨਾ ਲਈ ਪੰਜ ਅੰਕ ।

**ਨੋਟ: 1. ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਦੇ ਖੇਤਰ ਵਿੱਚ ਰੋਲ ਆਫ਼ ਆਨਰ ਕਿਸੇ ਵੀ ਕਲਾਸ ਵਿੱਚ ਮਿਲ ਸਕਦਾ ਹੈ ।**
**2. ਵਿਦਿਆਰਥੀਆਂ ਦੁਆਰਾ ਇੱਕ ਕਲਾਸ ਵਿੱਚ ਪ੍ਰਾਪਤੀਆਂ ਦੇ ਅਧਾਰ ਤੇ ਹਾਸਲ ਕੀਤੇ ਅੰਕ ਅਗਲੀ ਕਲਾਸ ਵਿੱਚ ਬਦਲੀ ਯੋਗ ਹਨ ।**

## (III) ਖੇਡ ਖੇਤਰ

**1) ਰੋਲ ਆਫ਼ ਆਨਰ** :- ਖੇਡਾਂ ਦੇ ਖੇਤਰ ਵਿੱਚ ਹੇਠ ਲਿਖੇ ਵਰਗਾਂ ਦੇ ਖਿਡਾਰੀਆਂ ਨੂੰ ਰੋਲ ਆਫ ਆਨਰ ਪ੍ਰਦਾਨ ਕੀਤਾ ਜਾਵੇਗਾ ।

1. ਸੀਨੀਅਰ ਰਾਸ਼ਟਰੀ ਚੈਪੀਅਨਸ਼ਿਪ ਵਿੱਚ ਭਾਗ ਲੈਣ ਵਾਲੀ ਟੀਮ ਦੇ ਮੈਂਬਰਾਂ ਜਾਂ ਕਿਸੇ ਪੱਧਰ ਤੇ ਵਿਅਕਤੀਗਤ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ
2. ਸਰਵ ਭਾਰਤੀ ਅੰਤਰ-ਯੂਨੀਵਰਸਿਟੀ ਚੈਂਪੀਅਨਸ਼ਿਪ ਵਿੱਚ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੀ ਟੀਮ ਦੇ ਮੈਂਬਰਾਂ ਜਾਂ ਇਸੇ ਪੱਧਰ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਪਹਿਲੇ ਤਿੰਨ ਸਥਾਨਾਂ ਉੱਤੇ ਆਉਣ ਵਾਲੇ ਖਿਡਾਰੀਆਂ ਨੂੰ ।
3. ਜੂਨੀਅਰ ਰਾਸ਼ਟਰੀ ਚੈਂਪੀਅਨਸ਼ਿਪ ਵਿੱਚ ਪਹਿਲੇ ਜਾਂ ਦੂਸਰੇ ਸਥਾਨ ਤੇ ਆਉਣ ਵਾਲੀ ਟੀਮ ਦੇ ਮੈਂਬਰਾਂ ਨੂੰ ਜਾਂ ਇਸੇ ਪੱਧਰ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਪਹਿਲੇ ਤਿੰਨ ਸਥਾਨਾਂ ਤੇ ਆਉਣ ਵਾਲੇ ਖਿਡਾਰੀਆਂ ਨੂੰ ।
4. ਕੰਬਾਈਨ ਯੂਨੀਵਰਸਿਟੀ / ਰਾਸ਼ਟਰੀ ਟੀਮ ਦੇ ਮੈਂਬਰਾਂ ਨੂੰ ।
5. ਯੂਨੀਵਰਸਿਟੀ ਜਾਂ ਰਾਜ ਚੈਂਪੀਅਨਸ਼ਿਪ ਵਿੱਚ ਨਵਾਂ ਰਿਕਾਰਡ ਕਾਇਮ ਕਰਨ ਵਾਲੇ ਖਿਡਾਰੀ ਨੂੰ ।
6. ਪੰਜਾਬ ਯੂਨੀਵਰਸਿਟੀ ਟੀਮ ਦੀ ਕਪਤਾਨੀ ਕਰਨ ਵਾਲੇ ਵਿਦਿਆਰਥੀ ਨੂੰ ।

**2) ਕਾਲਜ ਕਲਰ :-**

1. ਸਰਵ ਭਾਰਤੀ ਅੰਤਰ-ਯੂਨੀਵਰਸਿਟੀ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਵਾਲੀ ਟੀਮ ਦੇ ਮੈਂਬਰਾਂ ਜਾਂ ਇਸੇ ਪੱਧਰ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ।
2. ਜੂਨੀਅਰ ਰਾਸ਼ਟਰੀ ਚੈਂਪੀਅਨਸ਼ਿਪ ਵਿੱਚ ਤੀਸਰੇ ਸਥਾਨ ਤੇ ਆਉਣ ਵਾਲੀ ਟੀਮ ਦੇ ਮੈਂਬਰਾਂ ਨੂੰ ਜਾਂ ਇਸੇ ਪੱਧਰ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੇ ਖਿਡਾਰੀਆਂ ਨੂੰ ।
3. ਜੇਕਰ ਕਾਲਜ ਟੀਮ ਕਿਸੇ ਖੇਡ ਵਿੱਚ ਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤਦੀ ਹੈ ਤਾਂ ਉਸਦੇ ਸਾਰੇ ਮੈਂਬਰਾਂ ਨੂੰ ਕਾਲਜ ਕਲਰ ਦਿੱਤੇ ਜਾਣਗੇ ।
4. ਜੋ ਖਿਡਾਰੀ ਅੰਤਰ-ਯੂਨੀਵਰਸਿਟੀ ਚੈਂਪੀਅਨਸ਼ਿਪ ਦੀ ਟੀਮ ਵਿੱਚ ਚੁਣਿਆ ਜਾਵੇ ਤਾਂ ਵਿਅਕਤੀਗਤ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਜਾਂ ਰਾਜ ਵਿੱਚੋਂ ਪਹਿਲਾਂ ਜਾਂ ਦੂਸਰਾ ਸਥਾਨ ਪ੍ਰਾਪਤ ਕਰੇ ਉਸਨੂੰ ਵੀ ਕਾਲਜ ਕਲਰ ਦਿੱਤਾ ਜਾਵੇਗਾ ।

**3) ਖੇਡਾਂ ਮੈਰਿਟ ਸਰਟੀਫਿਕੇਟ**

ਯੂਨੀਵਰਸਿਟੀ ਜਾਂ ਰਾਜ ਪੱਧਰ ਦੇ ਮੁਕਾਬਲਿਆਂ ਵਿੱਚ ਤੀਸਰਾ ਜਾਂ ਚੌਥਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਮੈਂਬਰਾਂ ਨੂੰ ਜਾਂ ਇਸ ਪੱਧਰ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਜਾਂ ਰਾਜ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਮੈਰਿਟ ਸਰਟੀਫਿਕੇਟ ਦਿੱਤਾ ਜਾਵੇਗਾ ।

**ਨੋਟ : 1.ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੇ ਜਾਣਗੇ ਜਿਨ੍ਹਾਂ ਦੇ ਵਿਵਹਾਰ ਬਾਰੇ ਪੂਰੀ ਤਸੱਲੀ ਹੋਵੇ ਅਤੇ ਜਿਨ੍ਹਾਂ ਦੇ ਖਿਲਾਫ ਅਨੁਸ਼ਾਸਨਹੀਣਤਾ ਦੇ ਆਧਾਰ ਤੇ ਕੋਈ ਕਾਰਵਾਈ ਨਾ ਹੋਈ ਹੋਵੇ । 2.ਉਪਰੋਕਤ ਮਾਣ ਪੱਤਰ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੇ ਜਾਣਗੇ ਜੋ ਹਰ ਵਿਸ਼ੇ ਅਤੇ ਆਪਣੇ ਕਾਰਜ ਖੇਤਰ ਵਿੱਚ ਬਕਾਇਦਾ ਹਾਜ਼ਰੀ ਦਾ ਪ੍ਰਦਰਸ਼ਨ ਕਰਨਗੇ ।**

# ਇਨਾਮ ਅਤੇ ਸਨਮਾਨ

ਵਿੱਦਿਅਕ, ਸਭਿਆਚਾਰਕ,ਖੇਡ, ਲਿਟਰੇਸੀ ਕਲੱਬ ਦੀਆਂ ਗਤੀਵਿਧੀਆਂ ਅਤੇ ਹੋਰ ਖੇਤਰ ਵਿੱਚ ਸ਼੍ਰੇਸ਼ਟ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਕਾਲਜ ਦੇ ਸਲਾਨਾ ਇਨਾਮ ਵੰਡ ਸਮਾਰੋਹ ਦੇ ਮੌਕੇ ਤੇ ਇਨਾਮ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ ।

1. ਯੂਨੀਵਰਸਿਟੀ ਇਮਤਿਹਾਨਾਂ ਵਿੱਚ ਪ੍ਰਾਪਤ ਕੁਲ ਅੰਕਾਂ ਦੇ ਆਧਾਰ ਤੇ ਕਾਲਜ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ।
2. ਉਪਰੋਕਤ ਤੋਂ ਇਲਾਵਾ ਕਿਸੇ ਹੋਰ ਖੇਤਰ ਵਿੱਚ ਇੱਕ ਖਾਸ ਪੱਧਰ ਦੀ ਪ੍ਰਾਪਤੀ ਹੋਣ ਤੇ ਵਿਸ਼ੇਸ਼ ਇਨਾਮ (ਅਵਾਰਡ ਆਫ ਐਕਸੀਲੈਂਸ) ਲਈ ਵੀ ਵਿਚਾਰਿਆ ਜਾ ਸਕਦਾ ਹੈ ।
3. ਉਪਰੋਕਤ ਇਨਾਮਾਂ ਦਾ ਫੈਸਲਾ ਸੀਨੀਅਰ ਸਟਾਫ਼ ਦੀ ਕਮੇਟੀ ਦੁਆਰਾ ਕੀਤਾ ਜਾਂਦਾ ਹੈ ।
4. ਵਿਦਿਅਕ ਖੇਤਰ ਤੋਂ ਇਲਾਵਾ ਖੇਡਾਂ, ਐਨ.ਐਸ.ਐਸ.ਵਲੰਟੀਅਰ ਅਤੇ ਹੋਰ ਗਤੀਵਿਧੀਆਂ ਵਿੱਚ ਉਚੇਰੀਆਂ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀ ਨੂੰ ਹੇਠ ਲਿਖੇ ਇਨਾਮ ਅਤੇ ਸਰਟੀਫਿਕੇਟ ਵੀ ਦਿੱਤੇ ਜਾਂਦੇ ਹਨ ।
   - ੳ. ਸਰਵੋਤਮ ਸਪੀਕਰ
   - ਅ. ਸਰਵੋਤਮ ਐਥਲੀਟ (ਲੜਕੇ ਅਤੇ ਲੜਕੀਆਂ)
   - ੲ. ਸਰਵੋਤਮ ਹੋਸਟਲਰ
   - ਸ. ਸਰਵੋਤਮ ਮੈਂਬਰ ਵਿਮੈਨ ਫੋਰਮ
   - ਹ. ਸਰਵੋਤਮ ਵਾਤਾਵਰਣ ਸੰਭਾਲ ਵਲੰਟੀਅਰ
   - ਕ. ਸਰਵੋਤਮ ਐਨ.ਐਸ.ਐਸ. ਵਲੰਟੀਅਰ(ਲੜਕੇ ਅਤੇ ਲੜਕੀਆਂ)
   - ਖ. ਸਰਵੋਤਮ ਬਾਗ ਕਲੱਬ ਵਲੰਟੀਅਰ
   - ਗ. ਸਰਵੋਤਮ ਆਰਟਿਸਟ

**FORM 'A'**

**SPECIMEN OF AFFIDAVIT FOR SINGLE GIRL CHILD CATEGORY**

**(on non-judicial paper of Rs. 20/- duly attested by 1st Class Magistrate)**

I_________________________________(Name) Father / Mother of Miss____________________

Resident of _____________________________ do hereby, solemnly declare and affirm as under:-

1. That I am a citizen of India.

2. That Miss______________________born on ________________ is the only girl child of one girlchild out of the two girl children of the deponent.

3. That the deponent has no male child.

4. That he deponent has the following children:

i) Name ii) Sex iii) Date of Birth

5. That neither the deponent nor the aforenamed girl child of the deponent have obtained / availed the Benefit granted under this category, in this University / Institute including its affiliated colleges.

**Place:**

**Date:** **DEPONENT**

**VERIFICATION**

Verified that the contents of the above *affidavit* are true and correct to the best of my knowledge belief and nothing has been concealed therein.

**Place :**

**Date :** **DEPONENT**

## FORM 'B'
## RURAL AREA CERTIFICATE

Despatch No. ___________

Certified that Mr. /Mrs. / Ms.__________________________________ S/o D/o Shri _____________________

has studied in this school/college (Name of the institution) ___________________________________________

from___________________ to ___________________ and has passed Matric / Hr. Sec. Part 1/+2 examination.This School / College does not fall within limits of Municipal Committee / Cantonment Board / Notified Area & hasbeen declared rural area by Govt. of Punjab.

Place : ____________________

Date : ____________________ Signature of Headmaster / Principal of the School / College

(with seal)

## FORM 'C'
## BORDER AREA CERTIFICATE

Despatch No. ___________

I) Certify that_______________________________ son / daughter of Shri _________________________ofVillage _________________________ District ____________________ was a bonafide student of the School/College__________________________________________________From ________________ to ___________________ (exact date of joining and leaving the School/College to be given as per records) and passed _____________________ examination.

Date : _________________ Signature of Headmaster / Principal of the School / College

(with seal)

| **DISCIPLINE COMMITTEE**<br>ਡਿਸਪਲਿਨ ਕਮੇਟੀ | **ANTI RAGGING COMMITTEE**<br>ਰੈਗਿੰਗ ਵਿਰੋਧੀ ਕਮੇਟੀ | Online affidavit regarding anti ragging will be filled by the students as will as parents on :<br>**www.antiragging.in or**<br>**www.amanmovment.org**<br>Print out to be submitted in college. |
|---|---|---|
| ☐ ਸ਼੍ਰੀਮਤੀ ਨਿਧੀ<br>☐ ਸ਼੍ਰੀਮਤੀ ਸਰਬਜੋਤ ਬੇਦੀ<br>☐ ਸ਼੍ਰੀਮਤੀ ਸਰਬਦੀਪ ਕੌਰ ਸਿੱਧੂ<br>☐ ਸ਼੍ਰੀ ਸੁਮਿਤ ਸੋਨੀ | ☐ ਸ਼੍ਰੀਮਤੀ ਨਿਧੀ<br>☐ ਸ਼੍ਰੀਮਤੀ ਸੁਰਭੀ ਗੁਪਤਾ<br>☐ ਸ਼੍ਰੀਮਤੀ ਸਰਬਜੋਤ ਬੇਦੀ<br>☐ ਸ਼੍ਰੀਮਤੀ ਸਰਬਦੀਪ ਕੌਰ ਸਿੱਧੂ<br>☐ ਸ਼੍ਰੀ ਸੁਮਿਤ ਸੋਨੀ | |

**ANNEXURE 'A'**

**PANJAB UNIVERSITY, CHANDIGARH**

The Academic Calendar to be followed by **all Affiliated/Constituent colleges of Panjab University, Chandigarh, (Arts, Science & Commerce) for UG classes (New Admission) 1st year for the Session 2025-26:**

| Sr. No. | Particulars | From | To | Days |
|---|---|---|---|---|
| **1** | Semester Break / Summer Vacation | 01.06.2025 (Sunday) | 13.07.2025 (Sunday) | 43 |
| **2** | Colleges open | 14.07.2025 | (Monday) | |
| | **Admission Schedule** | | | |
| **3** | Admission Process* | 02.06.2025 (Monday) | 12.07.2025 (Saturday) | 41 |
| **4** | Normal Admission for New UG classes up to | 14.07.2025 (Monday) | 21.07.2025 (Monday) | 7 |
| **5** | Commencement of Teaching for UG Classes(Fresh - Admission) | 14.07.2025 (Monday) | | |
| **6** | Late admission to be allowed by the Principal of the college with late fee of Rs. 2205/- per student | 22.07.2025 (Tuesday) | 09.08.2025 (Saturday) | 17 |
| **7** | Late admission in the affiliated colleges to be allowed by the Vice-Chancellor with late fee of Rs. 5510/- per student | 11.08.2025 (Monday) | 30.08.2025 (Saturday) | 18 |
| **8** | Date of Submission for Registration Return with R&S branch | Till 10.09.2025 (Wednesday) | | |
| **9** | Academic Term-I (Odd semesters) | 14.07.2025 (Monday) | 13.11.2025 (Thursday) | 106 |
| **10** | End Semester Examinations | 14.11.2025 (Friday) | 26.12.2025 (Friday) | 37 |
| **11** | Semester Vacation (Winter Break) | 27.12.2025 (Saturday) | 09.01.2026 (Friday) | 14 |
| **12** | Academic Term-II (Even semesters) | 10.01.2026 (Saturday) | 25.04.2026 (Saturday) | 91 |
| **13** | End Semester Examinations | 27.04.2026 (Monday) | 05.06.2026 (Friday) | 35 |
| **14** | Summer Vacation (Tentative) | 01.06.2026 (Monday) | 13.07.2026 (Monday) | 43 |

* Colleges can make enrolment/registration of students at their own level for new classes as soon as 10+2 exams are over. However admission shall be made on merit basis.

Practical examinations will be held during Academic Term

**ANNEXURE 'B'**

**PANJAB UNIVERSITY, CHANDIGARH**

The Academic Calendar to be followed by all **Affiliated/Constituent** colleges of Panjab University, Chandigarh, (Arts, Science & Commerce) **for PG classes (New Admission)** 1st year for the **Session 2025-26:**

| Sr. No. | Particulars | From | To | Days |
|---|---|---|---|---|
| **1** | Semester Break / Summer Vacation | 01.06.2025 (Sunday) | 13.07.2025 (Sunday) | 43 |
| **2** | Colleges Open | 14.07.2025 (Monday) | | |
| | **Admission Schedule** | | | |
| **3** | Admission Process | 09.06.2025 (Monday) | 13.07.2025 (Sunday) | 35 |
| **4** | Normal Admission for New PG classes up to | 14.07.2025 (Monday) | 25.07.2025 (Friday) | 11 |
| **5** | Commencement of Teaching for PG Classes (Fresh Admission) | 14.07.2025 (Monday) | | |
| **6** | Late admission to be allowed by the Principal of the college with late fee of Rs. 2205/- per student | 26.07.2025 (Saturday) | 11.08.2025 (Monday) | 14 |
| **7** | Late admission in the affiliated colleges to be allowed by the Vice-Chancellor with late fee of Rs.5510/- per student | 12.08.2025 (Tuesday) | 30.08.2025 (Saturday) | 17 |
| **8** | Date of Submission for Registration Return with R&S branch | Till 10.09.2025 (Wednesday) | | |
| **9** | Academic Term-I (Odd semesters) | 14.07.2025 (Monday) | 13.11.2025 (Thursday) | 106 |
| **10** | End Semester Examinations | 14.11.2025 (Friday) | 26.12.2025 (Friday) | 37 |
| **11** | Semester Vacation (Winter Break) | 27.12.2025 (Saturday) | 09.01.2026 (Friday) | 14 |
| **12** | Academic Term-II (Even semesters) | 10.01.2026 (Saturday) | 25.04.2026 (Saturday) | 91 |
| **13** | End Semester Examinations | 27.04.2026 (Monday) | 05.06.2026 (Friday) | 35 |
| **14** | Summer Vacation (Tentative) | 01.06.2026 (Monday) | 13.07.2026 (Monday) | 43 |
| | Practical examination will be held during Academic Term | | | |

**ANNEXURE 'C'**

**PANJAB UNIVERSITY, CHANDIGARH**

The Academic Calendar to be followed by **all Affiliated/Constituent** colleges of Panjab University, Chandigarh, **UG/PG classes (Ongoing classes) for the Session 2025-26:**

| Sr. No. | Particulars | From | To | Days |
|---|---|---|---|---|
| 1 | Semester Break / Summer Vacation | 01.06.2025 (Sunday) | 13.07.2025 (Sunday) | 43 |
| 2 | Colleges Open | 14.07.2025 (Monday) | | |
| | **Admission Schedule** | | | |
| 3 | Admission Process | 09.06.2025 (Monday) | 13.07.2025 (Sunday) | 35 |
| 4 | Normal Admission for UG/ PG (Ongoing classes) up to | 14.07.2025 (Monday) | 25.07.2025 (Friday) | 11 |
| 5 | Commencement of Teaching for UG/ PG Ongoing Classes | 14.07.2025 (Monday) | | |
| 6 | Late admission to be allowed by the Principal of the college with late fee of Rs. 2205/- per student | 26.7.2025 (Saturday) | 11.08.2025 (Monday) | 14 |
| 7 | Late admission in the affiliated colleges to be allowed by the Vice-Chancellor with late fee of Rs.5510/- per student | 12.08.2025 (Tuesday) | 30.08.2025 (Saturday) | 17 |
| 8 | Date of Submission for Continuation fee for ongoing classes with R&S branch | Till 10.09.2025 (Wednesday) | | |
| 9 | Academic Term-I (Odd semesters) | 14.07.2025 (Monday) | 13.11.2025 (Thursday) | 106 |
| 10 | End Semester Examinations | 14.11.2025 (Friday) | 26.12.2025 (Friday) | 37 |
| 11 | Semester Vacation (Winter Break) | 27.12.2025 (Saturday) | 09.01.2026 (Friday) | 14 |
| 12 | Academic Term-II (Even semesters) | 10.01.2026 (Saturday) | 25.04.2026 (Saturday) | 91 |
| 13 | End Semester Examinations | 27.04.2026 (Monday) | 05.06.2026 (Friday) | 35 |
| 14 | Summer Vacation (Tentative) | 01.06.2026 (Monday) | 13.07.2026 (Monday) | 43 |
| | Practical examinations will be held during Academic Term | | | |

# ਸਰਗਰਮੀਆਂ ਦੀ ਮਹੀਨਾਵਾਰ ਵਾਰਸ਼ਿਕ ਸਾਰਨੀ

| ਮਹੀਨਾ | ਸਰਗਰਮੀਆਂ | ਮਹੀਨਾ | ਸਰਗਰਮੀਆਂ |
|---|---|---|---|
| ਜੁਲਾਈ | ☐ ਨਵੇਂ ਵਿਦਿਆਰਥੀਆਂ ਦੀ ਅਸੈਂਬਲੀ ਵਣਮਹਾਂਉਤਸਵ / ਕੈਂਪਸ ਵਿੱਚ ਪੌਦੇ ਲਗਾਉਣ ।<br>☐ 18 ਜੁਲਾਈ ਕਾਲਜ ਦਾ ਸਥਾਪਨਾ ਦਿਵਸ<br>☐ ਪੀ.ਟੀ.ਏ. ਜਨਰਲ ਹਾਊਸ ਦੀ ਮੀਟਿੰਗ ਅਤੇ ਕਾਰਜਕਰਨੀ ਦਾ ਗਠਨ | ਦਸੰਬਰ | ☐ ਸਮੈਸਟਰ ਪ੍ਰਣਾਲੀ ਦੀਆਂ ਯੂਨੀਵਰਸਿਟੀ ਪ੍ਰੀਖਿਆਵਾਂ<br>☐ ਸਰਦੀਆਂ ਦੀਆਂ ਛੁੱਟੀਆਂ |
| ਅਗਸਤ | ☐ ਬੱਸ ਪਾਸ ਫਾਰਮ<br>☐ ਸੁਤੰਤਰਤਾ ਦਿਵਸ<br>☐ ਅੰਗਰੇਜ਼ੀ ਵਿਭਾਗ ਦਾ ਵਿਸਥਾਰ ਭਾਸ਼ਣ<br>☐ ਪੰਜਾਬੀ ਵਿਭਾਗ ਦਾ ਵਿਸਥਾਰ ਭਾਸ਼ਣ<br>☐ ਕਲੱਬਾਂ ਅਤੇ ਵੋਮੈਨ ਫੋਰਮ ਦਾ ਗਠਨ<br>☐ ONOS / NLIST.INFLIBNET ਸੰਬੰਧੀ ਵਰਕਸ਼ਾਪ<br>☐ ਸਪੇਸ ਦਿਨ<br>☐ ਤੀਆਂ ਦਾ ਮੇਲਾ | ਜਨਵਰੀ | ☐ ਵਿਸ਼ਵ ਏਡਜ਼, ਅਪੰਗ ਅਤੇ ਕੈਂਸਰ ਦਿਵਸ (ਰੈੱਡ ਰਿਬਨ ਕਲੱਬ)<br>☐ IAPT ਵੱਲੋਂ ਨੈਸ਼ਨਲ ਗ੍ਰੈਜੂਏਟ ਫਿਜ਼ਿਕਸ ਪ੍ਰੀਖਿਆ<br>☐ ਵੋਟਰ ਦਿਵਸ<br>☐ ਗਣਤੰਤਰ ਦਿਵਸ<br>☐ ਬਾਟਨੀ ਵਿਭਾਗ ਵੱਲੋਂ ਐਮ.ਐਸ.ਸੀ.ਵਿਭਾਗ ਦੇ ਸੈਮੀਨਾਰ<br>☐ ਸੱਤ ਰੋਜ਼ਾ ਐਨ.ਐਸ.ਕੈਂਪ<br>☐ ਲੋਹੜੀ ਦਾ ਤਿਉਹਾਰ<br>☐ ਲਾਲਾ ਲਾਜਪਤ ਰਾਏ ਦੀ ਜੈਯੰਤੀ |
| ਸਤੰਬਰ | ☐ ਪ੍ਰਤਿਭਾ ਖੋਜ ਪ੍ਰੋਗਰਾਮ<br>☐ ਅਧਿਆਪਕ ਦਿਵਸ ਸਮਾਗਮ<br>☐ ਵਿਸ਼ਵ ਸਾਖਰਤਾ ਦਿਵਸ<br>☐ ਵਿਸ਼ਵ ਓਜ਼ੋਨ ਦਿਵਸ (ਵਾਤਾਵਰਨ ਕਲੱਬ)<br>☐ ਬਾਟਨੀ ਅਤੇ ਕਮਿਸਟਰੀ ਵਿਭਾਗ ਦੀ ਵਰਕਸ਼ਾਪ ਤੇ ਵਿਸਥਾਰ ਭਾਸ਼ਨ<br>☐ ਵਿਸ਼ਵ ਰਾਇਨੋ ਦਿਵਸ<br>☐ ਰਾਸ਼ਟਰੀ ਪੌਸ਼ਣ ਮਾਹ | ਫਰਵਰੀ | ☐ ਐਮ.ਐਸ.ਸੀ. ਕਮਿਸਟਰੀ ਦੇ ਵਿਦਿਆਰਥੀਆਂ ਦੇ ਸੈਮੀਨਾਰ<br>☐ ਵਾਰਸ਼ਿਕ ਖੇਡ ਸਮਾਰੋਹ<br>☐ ਕਮਿਸਟਰੀ ਵਿਭਾਗ ਵੱਲੋਂ ਅੰਤਰ-ਕਲਾਸ ਕੁਇਜ਼ ਪ੍ਰਤੀਯੋਗਤਾ<br>☐ ਫਿਜ਼ਿਕਸ ਵਿਭਾਗ ਦੀ ਵਰਕਸ਼ਾਪ ਤੇ ਵਿਸਥਾਰ ਭਾਸ਼ਣ<br>☐ ਮਾਤ-ਭਾਸ਼ਾ ਦਿਵਸ<br>☐ ਸਾਇੰਸ ਦਿਵਸ<br>☐ ਅਲੂਮਨੀ ਮੀਟ<br>☐ ਕੰਪਿਊਟਰ ਵਿਭਾਗ ਦਾ ਸੈਮੀਨਾਰ |
| ਅਕਤੂਬਰ | ☐ ਗਾਂਧੀ ਜੈਯੰਤੀ (ਸਵੱਛਤਾ ਅਭਿਆਨ)<br>☐ ਇਕ ਰੋਜ਼ਾ ਲੈਕਚਰ ਸੀਰੀਜ਼ (ਬਾਟਨੀ ਅਤੇ ਕਮਿਸਟਰੀ)<br>☐ ਖੇਤਰੀ ਯੁਵਕ ਮੇਲਾ<br>☐ ਵਿਸਥਾਰ ਭਾਸ਼ਣ (ਜ਼ੁਆਲੋਜੀ ਵਿਭਾਗ)<br>☐ ਸਮੈਸਟਰ ਪ੍ਰਣਾਲੀ ਦੀਆਂ ਘਰੇਲੂ ਪ੍ਰੀਖਿਆਵਾਂ<br>☐ ਰਾਸ਼ਟਰੀ ਏਕਤਾ ਦਿਵਸ | ਮਾਰਚ | ☐ ਅੰਤਰਰਾਸ਼ਟਰੀ ਨਾਰੀ ਦਿਵਸ<br>☐ ਜ਼ੁਆਲੋਜੀ ਵਿਭਾਗ ਦੀ ਇੱਕ ਰੋਜ਼ਾ ਵਰਕਸ਼ਾਪ<br>☐ ਹਿਸਾਬ ਵਿਭਾਗ ਦਾ ਪ੍ਰਸ਼ਨੋਤਰੀ ਮੁਕਾਬਲਾ<br>☐ ਸਲਾਨਾ ਇਨਾਮ ਵੰਡ ਸਮਾਰੋਹ<br>☐ ਵਰਡਲ ਵਾਟਰ ਦਿਵਸ<br>☐ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਵਸ<br>☐ ਸਮੈਸਟਰ ਪ੍ਰਣਾਲੀ ਅਧੀਨ ਘਰੇਲੂ ਪ੍ਰੀਖਿਆਵਾਂ / ਕਲਾਸ ਟੈਸਟ |
| ਨਵੰਬਰ | ☐ ਸਾਇੰਸ ਫੀਸਟਾ – IV 2025<br>☐ ਝੰਡਾ ਦਿਵਸ<br>☐ ਸਮੈਸਟਰ ਪ੍ਰਣਾਲੀ ਦੀਆਂ ਪ੍ਰਯੋਗੀ ਪ੍ਰੀਖਿਆਵਾਂ<br>☐ ਐਂਟੀ ਤੰਬਾਕੂ ਦਿਵਸ (ਐਂਟੀ ਨਾਰਕੋਟਿਕ ਕਲੱਬ) | ਅਪ੍ਰੈਲ | ☐ ਐਮ.ਐਸ.ਸੀ. ਅਤੇ ਬੀ.ਐਸ.ਸੀ. ਦੇ ਵਿਦਾਇਗੀ ਸਮਾਰੋਹ<br>☐ ਸਮੈਸਟਰ ਪ੍ਰਣਾਲੀ ਦੀਆਂ ਪ੍ਰਯੋਗੀ ਪ੍ਰੀਖਿਆਵਾਂ<br>☐ ਅੰਬੇਦਕਰ ਜੈਯੰਤੀ<br>☐ ਵਿਸ਼ਵ ਕਿਤਾਬ ਦਿਵਸ<br>☐ ਵਿੱਦਿਅਕ ਟੂਰ<br>☐ ਬਾਟਨੀ ਵਿਭਾਗ ਦਾ ਫੀਲਡ ਸਟੱਡੀ ਟੂਰ |
| | | ਮਈ | ☐ ਸਮੈਸਟਰ ਪ੍ਰਣਾਲੀ ਦੀਆਂ ਯੂਨੀਵਰਸਿਟੀ ਪ੍ਰੀਖਿਆਵਾਂ |
| | | ਜੂਨ | ☐ ਗਰਮੀ ਦੀਆਂ ਛੁੱਟੀਆਂ |

ਸਨਮਤੀ ਸਰਕਾਰੀ ਸਾਇੰਸ ਅਤੇ ਖੋਜ ਕਾਲਜ ਜਗਰਾਉਂ

TRANSCEND

Sanmati Govt. College of Science Edu. & Research

# JAGRAON

**ESTD.1968**

# CELEBRATING ACADEMIC EXCELLENCE



Roll of honour awarded to Miss Jaspal kaur of M. Sc. Chemistry for securing 2nd position in Panjab University in May 2024



Miss Aarushi Jindal of M. Sc.IInd got 1st position in College December, 2024



Miss Jobanpreet Kaur of B.Sc. III (N.M) got 1st position in College December, 2024



Miss Harmandeep Kaur of B. Sc.IInd (N.M) got 1st position in College December, 2024

# ZONAL YOUTH FESTIVAL WINNERS 2024-25



Simranjit Kaur
M.Sc.1 Botany
1st in Peerhi Making



Tejasdeep Kaur
B.Sc. 1 Medical
1st in General Quiz



Hardeep Das
B.Sc. 1 N-M
1st in General Quiz



Vikas Dhar Dwivedi
M.Sc. II Chemistry
Ist in General Quiz



Prabhjot Kaur
Msc-I chemistry
IInd individual in
Muhavaredar vartaalap



Ravaida Khan
Msc-II chemistry
II nd in Poem writing



Komalpreet Kaur
M.Sc. Ist Botany
2nd in Hetitaze Quiz



Arun
B.Sc. III NM
2nd in Hetitaze Quiz



Sukhpreet Singh
B.Sc. II N-M
2nd in Hetitaze Quiz



Yashsvi Bhatia
B.Sc 1 N-M
3rd in Cartooning



Manjit Singh
B.Sc. 1 N-M
3rd in Histronics



# INDUSTRIAL VISITS




Industrial Visit to GADVASU, Ludhiana




Industrial Visit to NFL, Nangal

# VOCATIONALISATION & SKILL ORIENTATION PROGRAMMES




10 Days Workshop on ‘Basic Computer Skills'



10 Days Workshop on "Baking Skills for Self Employment"

# ACTIVITIES UNDER NSS




Rally 'A Drug Free Punjab' Organized on Independence Day




A Rally on Martyr's Day by NSS Volunteers

ਕੀਮਤ : 50/- ਰੁਪਏ